# CEP SHEET 1

# ਨਾਗਰਿਕ ਅਤੇ ਨਾਗਰਿਕਤਾ

1. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਇਕ-ਦੋ ਸ਼ਬਦਾਂ ਵਿੱਚ ਦਿਓ-

(ੳ) ਭਾਰਤੀ ਸੰਸਦ ਦੀ ਇਮਾਰਤ ਦਾ ਪਹਿਲਾਂ ਬਣਿਆਂ ਹਿੱਸਾ ਕਿਸ ਰੇਖਾ ਗਣਿਤਕ ਅਕਾਰ ਦਾ ਸੀ ਤੇ ਨਵਾਂ ਹਿੱਸਾ ਕਿਸ ਆਕਾਰ ਦਾ ਹੈ?
ਉੱਤਰ :- ਭਾਰਤੀ ਸੰਸਦ ਦੀ ਇਮਾਰਤ ਦਾ ਪਹਿਲਾ ਬਣਿਆ ਹਿੱਸਾ ਗੋਲਾਕਾਰ ਅਕਾਰ ਦਾ ਸੀ ਅਤੇ ਨਵਾਂ ਹਿੱਸਾ ਤਿਕੋਣਾਕਾਰ ਆਕਾਰ ਦਾ ਹੈ

(ਅ) ਕਿਸੇ ਦੇਸ਼ ਵਿੱਚ ਜੰਮੇ-ਪਲੇ ਵਿਅਕਤੀ ਉੱਥੋਂ ਦੇ ਨਾਗਰਿਕ ਹੁੰਦੇ ਹਨ ਤਾਂ ਬਾਹਰੋ ਘੁੰਮਣ-ਫਿਰਨ ਆਏ ਵਿਅਕਤੀਆਂ ਨੂੰ ਅੰਗਰੇਜ਼ੀ ਭਾਸ਼ਾ ਦੀ ਰੋਮਨ ਲਿਪੀ ਵਿੱਚ ਕੀ ਆਖਦੇ ਹਨ?
ਉੱਤਰ:- ਬਾਹਰੋ ਘੁੰਮਣ-ਫਿਰਨ ਆਏ ਵਿਅਕਤੀਆਂ ਨੂੰ ਅੰਗਰੇਜ਼ੀ ਭਾਸ਼ਾ ਦੀ ਰੋਮਨ ਲਿਪੀ ਵਿੱਚ **Foreigner** ਆਖਦੇ ਹਨ

(ੲ) ਜਮਾਂਦਰੂ ਨਾਗਰਿਕਤਾ ਕਿਹੜੇ ਦੋ ਸਿਧਾਂਤਾਂ ਦੇ ਅਧਾਰ 'ਤੇ ਮਿਲਦੀ ਹੈ?
ਉੱਤਰ:- ਜਮਾਂਦਰੂ ਨਾਗਰਿਕਤਾ ਖ਼ੂਨ ਦਾ ਸਿਧਾਂਤ ਅਤੇ ਭੂਮੀ ਦੇ ਸਿਧਾਂਤ ਦੇ ਆਧਾਰ ਤੇ ਮਿਲਦੀ ਹੈ

(ਸ) 'ਰੋਹਿੰਗਿਆ' ਨਸਲ ਦੇ ਲੋਕ ਕਿਹੜੇ ਧਰਮ ਨਾਲ ਸਬੰਧਤ ਹਨ ਤੇ ਮੂਲ-ਰੂਪ ਵਿੱਚ ਕਿੱਥੋਂ ਦੇ ਵਾਸੀ ਸਨ?
ਉੱਤਰ:- 'ਰੋਹਿੰਗਿਆ' ਨਸਲ ਦੇ ਲੋਕ ਧਰਮ ਮੁਸਲਮਾਨ ਨਾਲ ਸਬੰਧਤ ਹਨ ਤੇ ਮੂਲ-ਰੂਪ ਵਿੱਚ ਮਿਆਂਮਾਰ ਦੇ ਵਾਸੀ ਸਨ

(ਹ) ਭਾਰਤ ਦੇ ਸੰਵਿਧਾਨ ਵਿੱਚ ਨਾਗਰਿਕਤਾ ਸਬੰਧੀ ਕਨੂੰਨ ਕਿੰਨੇ ਤੋਂ ਕਿੰਨੇ ਅਨੁਛੇਦ ਤੱਕ ਦਿੱਤੇ ਗਏ ਹਨ?
ਉੱਤਰ:- ਭਾਰਤ ਦੇ ਸੰਵਿਧਾਨ ਵਿੱਚ ਨਾਗਰਿਕਤਾ ਸਬੰਧੀ ਕਨੂੰਨ 5 ਤੋਂ 11 ਅਨੁਛੇਦ ਤੱਕ ਦਿੱਤੇ ਗਏ ਹਨ

੨. ਖਾਲੀ ਥਾਵਾਂ ਭਰੋ ਤਾਂ ਜੋ ਵਾਕ ਪੂਰੇ ਹੋ ਜਾਣ-

(ੳ) ਨਾਗਰਿਕਤਾ ਸੋਧ ਐਕਟ ਸਾਲ ...**2019..** ਵਿੱਚ ਪਾਸ ਹੋਇਆ ਤੇ ਉਸੇ ਸਾਲ ਬਿਮਾਰੀ ਸੰਸਾਰ ਭਰ ਵਿੱਚ **ਕਰੋਨਾ** ਫ਼ੈਲੀ।

(ਅ) ਇੰਗਲੈਂਡ ਦੀ ਨਾਗਰਿਕਤਾ ਪ੍ਰਾਪਤ ਕਰਨ ਵਾਲੇ ਭਾਰਤੀ ਜੀਵ ਵਿਗਿਆਨੀ ਨੇ **ਨੋਬਲ ਪੁਰਸਕਾਰ** ਹੋਇਆ ਸੀ?

(ੲ) ਸੰਨ 2005 ਤੇ 2019 ਵਿੱਚ ਸੋਧਾਂ ਪ੍ਰਾਪਤ ਕਰਨ ਵਾਲਾ ਨਾਗਰਿਕਤਾ ਐਕਟ ਮੂਲ ਰੂਪ ਵਿੱਚ ਸਾਲ..**1955.......** ਵਿੱਚ ਬਣਿਆ ਸੀ।

(ਸ) ਅਮਰੀਕਾ ਤੇ ਕੈਨੇਡਾ ਆਦਿ ਦੇਸ਼ਾਂ ਵਿੱਚ ਪੱਕਾ ਨਿਵਾਸ ਕਰਨ ਵਾਲੇ ਭਾਰਤੀਆਂ ਨੂੰ ਰੋਮਨ ਲਿਪੀ ਦੇ (ਦੋ) ਅੱਖਰਾਂ **PR** ਨਾਲ ਜਾਣਿਆ ਜਾਂਦਾ ਹੈ।

3. ਪ੍ਰਸ਼ਨਾਂ ਦੇ ਉੱਤਰ 2 ਤੋਂ 4 ਵਾਕਾਂ ਵਿੱਚ ਦਿਓ–

1. ਅਰਸਤੂ ਅਨੁਸਾਰ ਨਾਗਰਿਕ ਦਾ ਅਰਥ ਲਿਖੋ।
ਉੱਤਰ:- ਅਰਸਤੂ ਦੇ ਅਨੁਸਾਰ ਜਿਸ ਵਿਅਕਤੀ ਕੋਲ ਰਾਜ ਦੇ ਪ੍ਰਸ਼ਾਸਨਿਕ ਕੰਮਾਂ ਵਿੱਚ ਭਾਗ ਲੈਣ ਦਾ ਅਧਿਕਾਰ ਹੈ ਉਸਨੂੰ ਨਾਗਰਿਕ ਕਿਹਾ ਜਾਂਦਾ ਹੈ

II. ਜਮਾਂਦਰੂ ਨਾਗਰਿਕਤਾ ਤੋਂ ਕੀ ਭਾਵ ਹੈ?
ਉੱਤਰ:- ਜਮਾਂਦਰੂ ਨਾਗਰਿਕਤਾ ਤੋਂ ਭਾਵ ਹੈ ਕਿ ਵਿਅਕਤੀ ਜਨਮ ਤੋਂ ਹੀ ਕਿਸੇ ਨਾਲ ਕਿਸੇ ਦੇਸ਼ ਦਾ ਨਾਗਰਿਕ ਹੁੰਦਾ ਹੈ ਸੋ ਜਿਸ ਦੇਸ਼ ਵਿੱਚ ਵਿਅਕਤੀ ਦਾ ਜਨਮ ਹੁੰਦਾ ਹੈ ਉਥੋਂ ਦੀ ਉਸਨੂੰ ਨਾਗਰਿਕਤਾ ਪ੍ਰਾਪਤ ਹੁੰਦੀ ਹੈ ਉਸ ਨੂੰ ਜਮਾਂਦਰੂ ਨਾਗਰਿਕਤਾ ਕਿਹਾ ਜਾਂਦਾ ਹੈ

III. ਰਾਜਕ੍ਰਿਤ ਨਾਗਰਿਕਤਾ ਤੋਂ ਜਾਣੂ ਕਰਵਾਓ।
ਉੱਤਰ:- ਰਾਜਕ੍ਰਿਤ ਨਾਗਰਿਕਤਾ ਤੋਂ ਭਾਵ ਹੈ ਕਿ ਜਦੋਂ ਕੋਈ ਮਨੁੱਖ ਕਿਸੇ ਦੂਜੇ ਦੇਸ਼ ਦੀਆਂ ਨਾਗਰਿਕਤਾ ਲੈਣ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ ਤੇ ਉਹ ਦੂਸਰੇ ਦੇਸ਼ ਦੀ ਨਾਗਰਿਕਤਾ ਹਾਸਲ ਕਰ ਲੈਂਦਾ ਹੈ ਤਾਂ ਉਹ ਰਾਜਕ੍ਰਿਤ ਨਾਗਰਿਕਤਾ ਹਾਸਲ ਕਰਦਾ ਹੈ

IV. ਰਾਜਨੀਤਕ ਅਧਿਕਾਰਾਂ ਤੋਂ ਕੀ ਭਾਵ ਹੈ?
ਉੱਤਰ:- ਰਾਜਨੀਤਿਕ ਅਧਿਕਾਰਾਂ ਤੋਂ ਭਾਵ ਵਿਅਕਤੀ ਨੂੰ ਨਿਸ਼ਚਿਤ ਉਮਰ ਪੂਰੀ ਕਰਨ ਉਪਰੰਤ ਵੋਟ ਪਾਉਣ ਦਾ ਅਧਿਕਾਰ ਨਿਸ਼ਚਿਤ ਉਮਰ ਪੂਰੀ ਕਰਨ ਉਪਰੰਤ ਚੋਣ ਲੜਨ ਦਾ ਜਾਂ ਚੁਣੇ ਜਾਣ ਦਾ ਅਧਿਕਾਰ ਸਰਕਾਰ ਦੀ ਆਲੋਚਨਾ ਕਰਨ ਦਾ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ

4. ਪ੍ਰਸ਼ਨਾਂ ਦੇ ਉੱਤਰ 60 ਤੋਂ 75 ਸ਼ਬਦਾਂ ਵਿੱਚ ਦਿਓ–
1. ਨਾਗਰਿਕਤਾ ਦੇ ਖ਼ੂਨ (Blood) ਸਿਧਾਂਤ 'ਤੇ ਨੋਟ ਲਿਖੋ।
ਉੱਤਰ:- ਨਾਗਰਿਕਤਾ ਦੇ ਖ਼ੂਨ ਦਾ ਸਿਧਾਂਤ ਤੋਂ ਭਾਵ ਹੈ ਕਿ ਜਦੋਂ ਕਿਸੇ ਦੇਸ਼ ਵਿੱਚ ਕਿਸੇ ਬੱਚੇ ਦਾ ਜਨਮ ਹੁੰਦਾ ਹੈ ਤਾਂ ਉਸ ਨੂੰ ਉਸ ਦੇਸ਼ ਦੀ ਨਾਗਰਿਕਤਾ ਮਿਲੇਗੀ ਜਿੱਥੋਂ ਦੇ ਉਸਦੇ ਮਾਤਾ ਪਿਤਾ ਨਾਗਰਿਕ ਹਨ ਭਾਵੇਂ ਕਿਸੇ ਵੀ ਧਰਤੀ ਉੱਪਰ ਜਨਮ ਹੋਇਆ ਹੋਵੇ ਕਿਉਂਕਿ ਬੱਚੇ ਨਾਲ ਮਾਤਾ ਪਿਤਾ ਦਾ ਖ਼ੂਨ ਦਾ ਰਿਸ਼ਤਾ ਹੈ ਉਦਾਹਰਨ ਦੇ ਤੌਰ ਤੇ ਜੇਕਰ ਇੰਗਲੈਂਡ ਤੋਂ ਕੋਈ ਜੋੜਾ ਭਾਰਤ ਘੁੰਮਣ ਆਇਆ ਹੈ ਅਤੇ ਭਾਰਤ ਵਿੱਚ ਉਹਨਾਂ ਦੇ ਬੱਚੇ ਦਾ ਜਨਮ ਹੁੰਦਾ ਹੈ ਤਾਂ ਉਹ ਇੰਗਲੈਂਡ ਦਾ ਨਾਗਰਿਕ ਹੋਵੇਗਾ ਕਿਉਂਕਿ ਉਸਦੇ ਮਾਪੇ ਇੰਗਲੈਂਡ ਦੇ ਵਸਨੀਕ ਹਨ

II. ਧਰਤੀ (ਭੂਮੀ) ਸਿਧਾਂਤ ਤੋਂ ਕੀ ਭਾਵ ਹੈ?

ਉੱਤਰ:- ਭੂਮੀ ਦਾ ਸਿਧਾਂਤ ਦੇ ਅਨੁਸਾਰ ਬੱਚੇ ਦੀ ਨਾਗਰਿਕਤਾ ਦਾ ਫੈਸਲਾ ਕਰਨ ਲਈ ਜਮੀਨ ਨੂੰ ਆਧਾਰ ਬਣਾਇਆ ਜਾਂਦਾ ਹੈ ਭਾਵ ਜਿਸ ਦੇਸ਼ ਦੀ ਜਮੀਨ ਉੱਪਰ ਬੱਚੇ ਦਾ ਜਨਮ ਹੁੰਦਾ ਹੈ ਉਹ ਉਸ ਦੇਸ਼ ਦਾ ਨਾਗਰਿਕ ਬਣ ਜਾਂਦਾ ਹੈ ਭਾਵੇਂ ਉਸਦੇ ਮਾਤਾ ਪਿਤਾ ਕਿਸੇ ਵੀ ਦੇਸ਼ ਦੇ ਨਾਗਰਿਕ ਹੋਣ ਉਦਾਹਰਣ ਦੇ ਤੌਰ ਤੇ ਜੇਕਰ ਕਿਸੇ ਵਿਅਕਤੀ ਕਿਸੇ ਦੇਸ਼ ਦਾ ਵਿਅਕਤੀ ਜੋ ਅਰਜਨਟਾਈਨਾ ਘੁੰਮਣ ਆਇਆ ਹੈ ਅਤੇ ਉਹਨਾਂ ਦੇ ਬੱਚੇ ਦਾ ਜਨਮ ਹੋ ਜਾਂਦਾ ਹੈ ਤਾਂ ਉਹ ਬੱਚਾ ਅਰਜਨਟਾਈਨਾ ਦਾ ਨਾਗਰਿਕ ਹੋਵੇਗਾ ਜਪਾਨ ਵਿੱਚ ਵੀ ਇਹ ਸਿਧਾਂਤ ਪ੍ਰਚਲਿਤ ਹੈ

III. ਨਾਗਰਿਕ ਅਤੇ ਵਿਦੇਸ਼ੀ ਵਿੱਚ ਕੋਈ ਚਾਰ ਅੰਤਰ ਲਿਖੋ।

ਉੱਤਰ:- ਨਾਗਰਿਕ ਅਤੇ ਵਿਦੇਸ਼ੀ ਵਿੱਚ ਅੰਤਰ

| ਨਾਗਰਿਕ | ਵਿਦੇਸ਼ੀ |
|---|---|
| ਇਹ ਦੇਸ਼ ਦੇ ਪੱਕੇ ਨਿਵਾਸੀ ਹੁੰਦੇ ਹਨ | ਇਹ ਆਰਜੀ ਤੌਰ ਤੇ ਨਿਸ਼ਚਿਤ ਸਮੇਂ ਲਈ ਨਿਵਾਸ ਕਰਦੇ ਹਨ |
| ਨਾਗਰਿਕ ਨੂੰ ਸਮਾਜਿਕ ਸਮਾਜਿਕ ਆਰਥਿਕ ਰਾਜਨੀਤਿਕ ਆਦਿ ਸਾਰੇ ਅਧਿਕਾਰ ਪ੍ਰਾਪਤ ਹੁੰਦੇ ਹਨ | ਕਾਨੂੰਨਾਂ ਰਾਹੀਂ ਨਿਸ਼ਚਿਤ ਕੀਤਾ ਜਾਂਦਾ ਹੈ ਕਿ ਵਿਦੇਸ਼ੀ ਕਿਹੜੇ ਅਧਿਕਾਰ ਦੇ ਹੱਕਦਾਰ ਹੋਣਗੇ |
| ਨਾਗਰਿਕ ਸਰਕਾਰ ਵੱਲੋਂ ਦਿੱਤੀਆਂ ਸਾਰੀਆਂ ਸਹੂਲਤਾਂ ਦੇ ਹੱਕਦਾਰ ਹਨ | ਵਿਦੇਸ਼ੀ ਸਰਕਾਰ ਦੀ ਦਿਆਨਦਾਰੀ ਉੱਪਰ ਨਿਰਭਰ ਹੁੰਦਾ ਹੈ। |
| ਨਾਗਰਿਕਾਂ ਨੂੰ ਰਾਜਨੀਤਿਕ ਕੰਮ ਜਿਵੇਂ ਵੋਟ ਪਾਉਣਾ ਚੋਣ ਲੜਨਾ ਆਦਿ ਲਈ ਪ੍ਰੇਰਿਤ ਕੀਤਾ ਜਾਂਦਾ ਹੈ | ਵਿਦੇਸ਼ੀ ਆਪ ਜੀ ਨਿਵਾਸ ਵਾਲੇ ਦੇਸ਼ ਵਿੱਚ ਰਾਜਨੀਤਿਕ ਕੰਮਾਂ ਵਿੱਚ ਹਿੱਸਾ ਨਹੀਂ ਲੈ ਸਕਦਾ |

IV. ਨਾਗਰਿਕਤਾ ਨਾਲ ਸਬੰਧਤ ਭਾਰਤੀ ਸੰਵਿਧਾਨ ਦਾ ਅਨੁਛੇਦ-7 ਦੀ ਵਿਆਖਿਆ ਕਰੋ।

ਉੱਤਰ:- ਭਾਰਤ ਦੇ ਸੰਵਿਧਾਨ ਦੇ ਅਨੁਛੇਦ 7 ਦੇ ਅਨੁਸਾਰ ਜਿਸ ਵਿਅਕਤੀ ਨੇ ਭਾਰਤ ਤੋਂ ਪਾਕਿਸਤਾਨ ਹਿਜਰਤ ਕੀਤੀ ਤਾਂ ਇੱਕ ਮਾਰਚ 1947 ਤੋਂ ਬਾਅਦ ਉਹਨਾਂ ਦੀ ਨਾਗਰਿਕਤਾ ਸਮਾਪਤ ਹੋ ਜਾਏਗੀ ਪਰ ਜੇਕਰ ਉਹ ਪਰਮਿਟ ਲੈ ਕੇ ਵਾਪਸ ਆ ਗਏ ਅਤੇ ਉਹਨਾਂ ਦਾ ਮਾਤਾ ਪਿਤਾ ਜਾਂ ਦਾਦਾ ਦਾਦੀ ਦਾ ਜਨਮ ਭਾਰਤ ਵਿੱਚ ਹੋਇਆ ਹੈ ਤਾਂ ਉਹ ਬਿਨੇ ਪੱਤਰ ਰਾਹੀਂ ਨਾਗਰਿਕਤਾ ਪ੍ਰਾਪਤ ਕਰ ਸਕਣਗੇ

5. ਪ੍ਰਸ਼ਨਾਂ ਦੇ ਉੱਤਰ 10 ਤੋਂ 18 ਸਤਰਾਂ ਵਿੱਚ ਦਿਓ-

1. ਰਾਜਕ੍ਰਿਤ ਨਾਗਰਿਕਤਾ ਪ੍ਰਾਪਤ ਕਰਨ ਦੇ ਢੰਗ ਤੋਂ ਜਾਣੂ ਕਰਵਾਓ।

ਉੱਤਰ:- ਰਾਜ ਨਾਗਰਿਕਤਾ ਪ੍ਰਾਪਤ ਕਰਨ ਦੇ ਢੰਗ ਰਾਜਕ ਨਾਗਰਿਕ ਇੱਕ ਦੇਸ਼ ਨੂੰ ਛੱਡ ਕੇ ਦੂਸਰੇ ਦੇਸ਼ ਵਿੱਚ ਪ੍ਰਾਪਤ ਕੀਤੀ ਜਾਂਦੀ ਹੈ ਇਸਦੇ ਢੰਗ ਹੇਠ ਲਿਖੇ ਅਨੁਸਾਰ ਹਨ:-

1. ਲੰਬਾ ਨਿਵਾਸ:- ਕਿਸੇ ਦੇਸ਼ ਵਿੱਚ ਰਾਜ ਨਾਗਰਿਕਤਾ ਪ੍ਰਾਪਤ ਕਰਨ ਲਈ ਉਤੇ ਨਿਸ਼ਚਿਤ ਮਿਆਦ ਵਿੱਚ ਰਹਿਣਾ ਪੈਂਦਾ ਹੈ ਇਸ ਆਧਾਰ ਤੇ ਵਿਅਕਤੀ ਨੂੰ ਦੇਸ਼ ਦੀ ਨਾਗਰਿਕਤਾ ਮਿਲ ਜਾਂਦੀ ਹੈ

2. ਵਿਆਹ :- ਵਿਆਹ ਕਰਾਉਣਾ ਇੱਕ ਸਮਾਜਿਕ ਫੈਸਲਾ ਹੈ ਜੇਕਰ ਕਿਸੇ ਦੇਸ਼ ਔਰਤ ਦਾ ਮਰਦ ਕਿਸੇ ਦੂਸਰੇ ਦੇਸ਼ ਦੇ ਔਰਤ ਜਾਂ ਮਰਦ ਨਾਲ ਵਿਆਹ ਕਰਵਾ ਲੈਂਦਾ ਹੈ। ਦੋਹਾਂ ਨੂੰ ਕੁਦਰਤੀ ਤੌਰ ਤੇ ਇਕੱਠੇ ਰਹਿਣ ਦੇ ਅਧਿਕਾਰ ਦੇ ਨਾਲ ਹੀ ਨਾਗਰਿਕਤਾ ਪ੍ਰਾਪਤ ਹੋ ਜਾਂਦੀ ਹੈ
3. ਇਲਾਕੇ ਤੇ ਜਿੱਤ ਦੁਆਰਾ:- ਯੁੱਧ ਸਮੇਂ ਕੋਈ ਦੇਸ਼ ਦੂਸਰੇ ਦੇਸ਼ ਦਾ ਇਲਾਕਾ ਜਿੱਤ ਕੇ ਉਸ ਤੋਂ ਉਪਰ ਅਧਿਕਾਰ ਕਰ ਲੈਂਦਾ ਹੈ ਤਾਂ ਉਸ ਇਲਾਕੇ ਦੇ ਲੋਕਾਂ ਦੀ ਨਾਗਰਿਕਤਾ ਜਿੱਤਣ ਵਾਲੇ ਦੇਸ਼ ਦੁਆਰਾ ਹੋ ਜਾਂਦੀ ਹੈ ਅਤੇ ਉਹ ਜਿੱਤਣ ਵਾਲੇ ਦੇਸ਼ ਦੇ ਨਾਗਰਿਕ ਬਣਦੇ ਬਣ ਜਾਂਦੇ ਹਨ
4. ਵਿਦਵਾਨਾਂ ਨੂੰ :-ਹਰ ਦੇਸ਼ ਦੇ ਨਾਗਰਿਕ ਸਿੱਖਿਆ ਪ੍ਰਾਪਤ ਕਰਕੇ ਕਿਸੇ ਵਿਸ਼ੇਸ਼ ਖੇਤਰ ਵਿੱਚ ਵਿਦਵਾਨ ਬਣ ਜਾਂਦੀ ਸੀ ਤਰੀਖ ਵਿੱਚ ਹਿੱਸਾ ਪਾਉਂਦੇ ਹਨ ਜਗਤ ਕਿਸੇ ਇੱਕ ਦੇਸ਼ ਦਾ ਵਿਦਵਾਨ ਦੂਸਰੇ ਦੇਸ਼ ਚ ਜਾਣਾ ਚਾਹੁੰਦਾ ਹੈ ਤਾਂ ਦੂਸਰਾ ਦੇਸ਼ ਉਸਨੂੰ ਪਹਿਮ ਦੇ ਅਧਾਰ ਤੇ ਨਾਗਰਿਕਤਾ ਦੇ ਦਿੰਦਾ ਹੈ।
5. ਰਾਜਨੀਤਿਕ ਸ਼ਰਨ:- ਪ੍ਰਾਪਤ ਕਰਨ ਨਾਲ ਪੁਰਾਣੇ ਸਮੇਂ ਵਿੱਚ ਯੁੱਧ ਵਿੱਚ ਹਾਰ ਜਾਂ ਜਿੱਤ ਨਾਲ ਉਹ ਕਿਸੇ ਦੂਸਰੇ ਰਾਜ ਵਿੱਚ ਜਾ ਕੇ ਬੇਨਤੀ ਦੇ ਅਧਾਰ ਤੇ ਸ਼ਰਨ ਲੈ ਲੈਂਦੇ ਸਨ ਵਰਤਮਾਨ ਸਮੇਂ ਵਿੱਚ ਕਈ ਵਿਅਕਤੀ ਆਪਣੇ ਰਾਜਨੀਤਿਕ ਵਿਚਾਰਾਂ ਜਾਂ ਧਾਰਮਿਕ ਵਿਚਾਰਾਂ ਜਦੋਂ ਉਹਨਾਂ ਨੂੰ ਖਤਰਾ ਮਹਿਸੂਸ ਹੁੰਦਾ ਹੈ ਤਾਂ ਉਹ ਦੂਸਰੇ ਦੇਸ਼ਾਂ ਵਿੱਚ ਜਾ ਕੇ ਸ਼ਰਨ ਦੇ ਅਧਾਰ ਤੇ ਨਾਗਰਿਕਤਾ ਪ੍ਰਾਪਤ ਕਰ ਲੈਂਦੇ ਹਨ
6. ਬਿਣੇ ਪੱਤਰ ਦੁਆਰਾ :- ਕਿਸੇ ਵਿਅਕਤੀ ਦੁਆਰਾ ਦੂਜੇ ਦੇਸ਼ ਵਿੱਚ ਨਾਗਰਿਕਤਾ ਸਬੰਧੀ ਸ਼ਰਤਾਂ ਪੂਰੀਆਂ ਕਰਕੇ ਬਿਣੇ ਪੱਤਰ ਦੇ ਕੇ ਨਾਗਰਿਕਤਾ ਪ੍ਰਾਪਤ ਕੀਤੀ ਜਾ ਸਕਦੀ ਹੈ।
7. ਗੋਦ ਲੈਣਾ:- ਜੇਕਰ ਕਿਸੇ ਦੇਸ਼ ਦੇ ਨਾਗਰਿਕ ਦੂਸਰੇ ਦੇਸ਼ ਦੇ ਬੱਚੇ ਨੂੰ ਗੋਦ ਲੈ ਲੈਂਦਾ ਹੈ ਤਾਂ ਇਸ ਅਧਾਰ ਤੇ ਬੱਚੇ ਨੂੰ ਗੋਦ ਲੈਣ ਵਾਲੇ ਮਾਤਾ ਪਿਤਾ ਵਾਲੇ ਦੇਸ਼ ਦੀ ਨਾਗਰਿਕਤਾ ਪ੍ਰਾਪਤ ਹੋ ਜਾਵੇਗੀ
8. ਸੈਨਿਕ ਭਰਤੀ ਅਤੇ ਜਾਇਦਾਦ ਖਰੀਦਣੀ:- ਕੋਈ ਨਾਗਰਿਕ ਜਦੋਂ ਦੂਸਰੇ ਦੇਸ਼ ਦੀ ਸੈਨਾ ਵਿੱਚ ਭਰਤੀ ਹੋ ਜਾਵੇ ਤਾਂ ਉਸਨੂੰ ਭਰਤੀ ਵਾਲੇ ਦੇਸ਼ ਦੀ ਨਾਗਰਿਕਤਾ ਪ੍ਰਾਪਤ ਹੋ ਜਾਂਦੀ

III. ਇੱਕ ਆਦਰਸ਼ ਨਾਗਰਿਕ ਵਿੱਚ ਕਿਹੜੇ-ਕਿਹੜੇ ਗੁਣ ਹੋ ਸਕਦੇ ਹਨ?

ਉੱਤਰ:- ਆਦਰਸ਼ ਜਾ ਚੰਗੇ ਨਾਗਰਿਕ ਦੇ ਗੁਣ :-

1. ਸਿੱਖਿਆ:- ਵਿਅਕਤੀ ਦਾ ਮਾਨਸਿਕ ਸਰੀਰਕ ਸੱਭਿਆਚਾਰਕ ਤੇ ਭਾਵਨਾ ਤੋਂ ਪੱਖ ਵਿਕਾਸ ਕਰਦੀ ਹੈ ਇੱਕ ਪੜ੍ਹਿਆ ਲਿਖਿਆ ਵਿਅਕਤੀ ਆਪਣੇ ਘਰ ਤੋਂ ਅਧਿਕਾਰਾਂ ਨੂੰ ਵਧੀਏ ਤਰੀਕੇ ਨਾਲ ਸਮਝ ਸਕਦਾ ਹੈ। ਅਤੇ ਰਾਜ ਦੇ ਵਿਕਾਸ ਵਿੱਚ ਯੋਗਦਾਨ ਪਾ ਸਕਦਾ ਹੈ
2. ਉੱਚਾ ਨੈਤਿਕ ਆਚਰਨ:- ਉੱਚੇ ਆਚਰਨ ਵਾਲਾ ਵਿਅਕਤੀ ਦੇਸ਼ ਦੀ ਤਰੱਕੀ ਤੇ ਸੁਰੱਖਿਆ ਦੀ ਨੀਂਹ ਹੁੰਦੇ ਹਨ ਚੰਗੇ ਆਚਰਣ ਇਮਾਨਦਾਰ ਨਾਗਰਿਕ ਆਪਣੇ ਦੇਸ਼ ਦੀ ਸੇਵਾ ਪੂਰੀ ਤਨ ਮਨ ਕਰਦਾ ਹੈ ਅਤੇ ਸਰਕਾਰ ਦੀਆਂ ਗਲਤ ਨੀਤੀਆਂ ਦਾ ਵਿਰੋਧ ਵੀ ਇਮਾਨਦਾਰੀ ਨਾਲ ਕਰਦਾ ਹੈ
3. ਦੇਸ਼ ਭਗਤੀ ਦੀ ਭਾਵਨਾ:- ਨਾਗਰਿਕ ਸਦਾ ਹੀ ਉਸ ਧਰਤੀ ਦੀ ਖੈਰ ਮੰਗਦਾ ਹੈ ਉਸ ਨੂੰ ਵਿਕਾਸ ਕਰਨਾ ਕਰਦਾ ਵੇਖਣਾ ਚਾਹੁੰਦਾ ਹੈ ਕਿਸੇ ਸਮੱਸਿਆਵਾਂ ਸਮੇਂ ਦੇਸ਼ ਦੇ ਤਨ ਮਨ ਧਨ ਨਾਲ ਸੇਵਾ ਕਰਦਾ ਹੈ ਇਸ ਨੂੰ ਅਸੀਂ ਆਪਣੇ ਦੇਸ਼ ਪ੍ਰਤੀ ਦੇਸ਼ ਦੀ ਭਗਤੀ ਦੀ ਭਾਵਨਾ ਕਹਿੰਦੇ ਹਾਂ

4. ਸਰਕਾਰ ਦੀਆਂ ਗਲਤ ਨੀਤੀਆਂ ਦੀ ਆਲੋਚਨਾ:- ਚੰਗਾ ਨਾਗਰਿਕ ਦੇਸ਼ ਦੀ ਭਲਾਈ ਲਈ ਸਰਕਾਰ ਦੇ ਚੰਗੇ ਕੰਮਾਂ ਵਿੱਚ ਸਾਥ ਦਿੰਦਾ ਹੈ ਅਤੇ ਸਰਕਾਰ ਦੀ ਝੂਠੀ ਚਾਪਲੂਸੀ ਨਹੀਂ ਕਰਦਾ ਸਗੋਂ ਜੇਕਰ ਸਰਕਾਰ ਗਲਤ ਫੈਸਲਾ ਲੈਂਦੀ ਹੈ ਤੇ ਮਜਬੂਤ ਰਾ ਦੇ ਨਾਲ ਉਸਦਾ ਵਿਰੋਧ ਕਰਨਾ ਆਦਰਸ਼ ਨਾਗਰਿਕ ਦਾ ਗੁਣ ਹੈ
5. ਕਰਤੱਵਾਂ ਦੀ ਪਾਲਣਾ:- ਰਾਜ ਦੁਆਰਾ ਨਿਰਧਾਰਿਤ ਕੀਤੇ ਗਏ ਨਾਗਰਿਕਾਂ ਦੇ ਕਰਤੱਵਾਂ ਦੀ ਪਾਲਣਾ ਕਰਨਾ ਹਰ ਨਾਗਰਿਕ ਦਾ ਫਰਜ਼ ਹੈ ਕਿਉਂਕਿ ਇੱਕ ਨਾਗਰਿਕ ਦੇ ਕਰਤਾ ਦੂਸਰੇ ਨਾਗਰਿਕ ਦੇ ਅਧਿਕਾਰ ਹਨ ਜੇਕਰ ਸਾਰੇ ਨਾਗਰਿਕ ਆਪਣੇ ਕਰਤੱਵਾਂ ਦਾ ਪਾਲਣ ਕਰਨਗੇ ਤਾਂ ਮਨੁੱਖ ਦੀ ਆਜ਼ਾਦੀ ਅਤੇ ਸਮਾਜ ਭਲਾਈ ਲਈ ਇੱਕ ਵਧੀਆ ਕੰਮ ਹੋਵੇਗਾ
6. ਸੰਜਮ ,ਸਹਿਯੋਗ ਅਤੇ ਬਲਿਦਾਨ ਦੀ ਭਾਵਨਾ:- ਇਕ ਵਧੀਆ ਨਾਗਰਿਕ ਸੰਜਮ ,ਬਲੀਦਾਨ ਦੀ ਭਾਵਨਾ ਸਹਿਯੋਗ ,ਦੇਸ਼ ਭਗਤੀ ਅਤੇ ਆਗਿਆ ਦਾ ਪਾਲਣ ਕਰਨ ਦੀ ਭਾਵਨਾ ਰੱਖਣਾ ਜਰੂਰੀ ਹੈ।
7. ਕਮਜ਼ੋਰਾਂ ਤੇ ਪਛੜਿਆਂ ਦੇ ਹੱਕ ਵਿੱਚ ਖੜਨਾ :-ਇੱਕ ਆਦਰਸ਼ ਨਾਗਰਿਕ ਆਰਥਿਕ ਅਤੇ ਸਮਾਜਿਕ ਤੌਰ ਤੇ ਪਛੜੇ ਲੋਕਾਂ ਦੇ ਹੱਕ ਵਿੱਚ ਆਵਾਜ਼ ਉਠਾਉਂਦਾ ਹੈ ਉਹਨਾਂ ਦੇ ਜੀਵਨ ਪੱਧਰ ਨੂੰ ਆਮ ਨਾਗਰਿਕਾਂ ਦੇ ਪੱਧਰ ਤੱਕ ਲੈ ਕੇ ਆਉਣ ਦੀ ਕੋਸ਼ਿਸ਼ ਕਰਦਾ ਹੈ।
8. ਜਾਤੀ ,ਫਿਰਕੂ, ਦੰਗੇ ਨਸਲੀ ਭੇਦ ਭਾਵ ਦਾ ਪ੍ਰਗਟਾਵਾ ਕਰਨ ਵਾਲੇ ਸ਼ੈਤਾਨ ਮਨੁੱਖਾਂ ਅਤੇ ਧਰਮ ਵਿੱਚ ਨਫਰਤ ਫੈਲਾਉਦੇ ਹਨ ਆਦਰਸ਼ ਨਾਗਰਿਕ ਸਾਰੇ ਵਿਅਕਤੀਆਂ ਨੂੰ ਬਰਾਬਰ ਸਨਮਾਨ ਦਿੰਦਾ ਹੈ ਅਤੇ ਅਫਵਾਵਾਂ ਵਿੱਚ ਵਿਸ਼ਵਾਸ ਨਹੀਂ ਕਰਦਾ

# CEP SHEET 2

# ਪਾਠ - 10 ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਤੇ ਮੁੱਖ ਵਿਸ਼ੇਸ਼ਤਾਵਾਂ

ਅਭਿਆਸ (Exercise)

I ਇਨਾ ਬਹੁ-ਚੋਣਵੇਂ ਉੱਤਰਾਂ ਵਿਚੋਂ ਸਹੀ ਦੀ ਚੋਣ ਕਰਕੇ ਲਿਖੋ --

(ੳ) ਭਾਰਤ ਦੇ ਸੰਵਿਧਾਨ ਵਿੱਚ 'ਪ੍ਰਸਤਾਵਨਾ' ਕਿੱਥੇ ਸ਼ਾਮਲ ਕੀਤੀ ਗਈ ਹੈ?

(i) **ਅਰੰਭ ਵਿੱਚ**

(ii) ਐਨ ਮੱਧ ਵਿੱਚ

(iii) ਮੌਲਿਕ ਅਧਿਕਾਰਾਂ ਤੋਂ ਪਹਿਲਾਂ

(iv) ਅੰਤਰ ਵਿੱਚ

(ਅ) ਭਾਰਤੀ ਸੰਵਿਧਾਨ ਤੋਂ ਪਹਿਲਾਂ ਕਿਹੜੇ ਦੇਸ਼ ਦੇ ਲਿਖਤੀ ਸੰਵਿਧਾਨ ਵਿੱਚ ਪ੍ਰਸਤਾਵਨਾ ਸ਼ਾਮਲ ਸੀ?

(i) ਬਰਤਾਨੀਆਂ

(ii) ਪਾਕਿਸਤਾਨ

(iii) ਜਰਮਨੀ

(iv) **ਸੰਯੁਕਤ ਰਾਜ ਅਮਰੀਕਾ**

(ੲ) ਭਾਰਤ ਦਾ ਸੰਵਿਧਾਨ ਕਿਹੜੀ ਮਿਤੀ ਤੋਂ ਅਪਣਾਇਆ ਗਿਆ?

(i) 15 , ਅਗਸਤ 1947

(ii) **26 ਜਨਵਰੀ, 1950**

(iii) 26 ਨਵੰਬਰ, 1950

(iv) 16 ਅਗਸਤ, 1949

(ਸ) ਭਾਰਤ ਵਿੱਚ ਸੰਵਿਧਾਨਕ ਸ਼ਕਤੀ ਦਾ ਸੋਮਾ ਕੌਣ ਹੈ?

(i) ਸਰਕਾਰ

(ii) **ਲੋਕ**

(iii) ਰਾਸ਼ਟਰਪਤੀ

(iv) ਪ੍ਰਧਾਨਮੰਤਰੀ

(ਹ) ਪ੍ਰਸਤਾਵਨਾ ਵਿੱਚ ਹੇਠ ਦਿੱਤਿਆਂ ਵਿੱਚੋਂ ਕਿਹੜਾ ਤੱਤ ਸ਼ਾਮਲ ਹੈ?

(i) ਰਾਜਨੀਤਕ ਨਿਆਂ

(ii) ਆਰਥਿਕ ਨਿਆਂ

(iii) ਸਮਾਜਿਕ ਨਿਆਂ

(iv) **ਉਪਰੋਕਤ ਸਾਰੇ ਹੀ**

2. ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਇੱਕ ਦੋ ਸ਼ਬਦਾਂ ਵਿੱਚ ਦਿਓ-

(ੳ) ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਕਿਹੜੇ ਸ਼ਬਦਾਂ ਨਾਲ ਅਰੰਭ ਹੁੰਦੀ ਹੈ?
ਉੱਤਰ:- ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਅਸੀਂ ਭਾਰਤ ਦੇ ਲੋਕ ਸ਼ਬਦਾਂ ਨਾਲ ਆਰੰਭ ਹੁੰਦੀ ਹੈ।
(ਅ) "ਲੋਕਤੰਤਰ, ਲੋਕਾਂ ਦੀ, ਲੋਕਾਂ ਲਈ, ਲੋਕਾਂ ਦੁਆਰਾ ਸਰਕਾਰ ਹੈ?" ਇਹ ਸ਼ਬਦ ਕਿਹੜੇ ਵਿਦਵਾਨ ਨੇ ਕਹੇ ਸਨ?
ਉੱਤਰ:- ਇਹ ਸ਼ਬਦ ਇਬ੍ਰਾਹੀਮ ਲਿੰਕਨ ਨੇ ਕਹੇ ਸਨ

(ੲ) ਸਭ ਤੋਂ ਲੰਬਾ ਤੇ ਵਿਸਤ੍ਰਿਤ ਸੰਵਿਧਾਨ ਕਿਹੜੇ ਦੇਸ਼ ਦਾ ਹੈ?
ਉੱਤਰ:- ਸਭ ਤੋਂ ਲੰਬਾ ਅਤੇ ਵਿਸਤ੍ਰਿਤ ਸੰਵਿਧਾਨ ਭਾਰਤ ਦੇਸ਼ ਦਾ ਹੈ

(ਸ) ਸੰਸਦੀ ਸ਼ਾਸਨ ਪ੍ਰਨਾਲੀ, ਭਾਰਤੀ ਸੰਵਿਧਾਨ ਨੇ ਕਿਹੜੇ ਦੇਸ਼ ਦੇ ਸੰਵਿਧਾਨ ਤੋਂ ਲਈ ਹੈ?
ਉੱਤਰ:- ਸੰਸਦੀ ਸ਼ਾਸਨ ਪ੍ਰਣਾਲੀ ਭਾਰਤੀ ਸੰਵਿਧਾਨ ਨੇ ਇੰਗਲੈਂਡ ਦੇਸ਼ ਦੇ ਸੰਵਿਧਾਨ ਤੋਂ ਲਈ ਹੈ

(ਹ) ਭਾਰਤ ਦੀ ਸੰਵਿਧਾਨ ਸਭਾ ਦੇ ਪ੍ਰਧਾਨ ਕੌਣ ਸਨ ਤੇ ਸੰਵਿਧਾਨ ਦੀ ਮਸੌਦਾ ਕਮੇਟੀ ਦੇ ਪ੍ਰਧਾਨ ਕੌਣ ਸਨ?
ਉੱਤਰ:- ਭਾਰਤ ਦੀ ਸੰਵਿਧਾਨ ਸਭਾ ਦੇ ਪ੍ਰਧਾਨ ਡਾਕਟਰ ਰਜਿੰਦਰ ਪ੍ਰਸਾਦ ਸਨ ਅਤੇ ਸੰਵਿਧਾਨ ਦੀ ਮਸੌਦਾ ਕਮੇਟੀ ਦੇ ਪ੍ਰਧਾਨ ਡਾਕਟਰ ਬੀ ਆਰ ਅੰਬੇਦਕਰ ਸਨ।

(ਕ) ਭਾਰਤੀ ਸੰਵਿਧਾਨ ਵਿੱਚ ਦਰਜ ਮੌਲਿਕ ਅਧਿਕਾਰਾਂ ਦੀ ਗਿਣਤੀ 6 ਹੈ ਅਤੇ ਮੌਲਿਕ ਕਰਤੱਵਾਂ ਦੀ ਗਿਣਤੀ **11** ਹੈ

(ਖ) ਸਾਡੇ ਸੰਵਿਧਾਨ ਵਿੱਚ ਅਨੁਛੇਦ **395** ਅਨੁਛੇਦ ਅਤੇ **12** ਅਨੁਸੂਚੀਆਂ ਹਨ ।

(ਗ) ਭਾਰਤ ਵਿੱਚ **ਇਕਹਰੀ** ਨਾਗਰਿਕਤਾ ਦੀ ਵਿਵਸਥਾ ਕੀਤੀ ਗਈ ਹੈ।

(ਘ) ਪ੍ਰਸਤਾਵਨਾ ਅਨੁਸਾਰ ਦਾ ਵਿਕਾਸ ਕਰਨਾ ਸ਼ਾਮਲ ਹੈ ਹਾਲਾਂਕਿ ਪ੍ਰਸਤਾਵਨਾ **ਨਿਆਂ** ਯੋਗ ਨਹੀਂ ਹੈ।

(ਙ) ਭਾਰਤੀ ਸੰਵਿਧਾਨ ਦੇ ਅਨੁਛੇਦ **79** ਅਨੁਸਾਰ ਸੰਸਦ ਦੀ ਵਿਵਸਥਾ ਕੀਤੀ ਗਈ ਹੈ ਜਿਸ ਵਿੱਚ **ਲੋਕ ਸਭਾ, ਰਾਜ ਸਭਾ ਅਤੇ ਰਾਸ਼ਟਰਪਤੀ** ਸ਼ਾਮਲ ਹਨ।

3. ਪ੍ਰਸ਼ਨਾਂ ਦੇ ਉੱਤਰ 2-4 ਵਾਕਾਂ ਵਿੱਚ ਦਿਓ-

I. 42ਵੀਂ ਸੋਧ ਅਨੁਸਾਰ ਪ੍ਰਸਤਾਵਨਾ ਵਿੱਚ ਕਿਹੜੇ-ਕਿਹੜੇ ਸ਼ਬਦ ਸ਼ਾਮਲ ਕੀਤੇ ਗਏ?
ਉੱਤਰ:- 42 ਵੀ ਸੋਧ ਅਨੁਸਾਰ ਪ੍ਰਸਤਾਵਨਾ ਵਿੱਚ ਸਮਾਜਵਾਦੀ, ਧਰਮ ਨਿਰਪੱਖ, ਏਕਤਾ ਅਤੇ ਅਖੰਡਤਾ ਸ਼ਬਦ ਸ਼ਾਮਿਲ ਕੀਤੇ ਗਏ

II. ਪ੍ਰਸਤਾਵਨਾ ਦਾ ਆਰੰਭ ਅਤੇ ਅੰਤ ਕਿਹੜੇ-ਕਿਹੜੇ ਸ਼ਬਦਾਂ ਨਾਲ ਹੁੰਦਾ ਹੈ?
ਉੱਤਰ:- ਪ੍ਰਸਤਾਵਨਾ ਦਾ ਆਰੰਭ" ਅਸੀਂ ਭਾਰਤ ਦੇ ਲੋਕ" ਅਤੇ ਅੰਤ 'ਸਵੀਕਾਰ ਅਤੇ ਸਵੈ ਨੂੰ ਸਮਰਪਿਤ ਕਰਦੇ ਹਾਂ" ਸ਼ਬਦਾਂ ਨਾਲ ਹੁੰਦਾ ਹੈ

III. ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ।

ਉੱਤਰ:- ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦੀਆਂ ਕੋਈ ਵਿਸ਼ੇਸ਼ ਦੋ ਵਿਸ਼ੇਸ਼ਤਾਈਆਂ ਹੇਠ ਲਿਖੇ ਅਨੁਸਾਰ ਹਨ

1. ਸੰਵਿਧਾਨਿਕ ਸ਼ਕਤੀ ਦਾ ਸੋਮਾਂ ਲੋਕ ਹਨ
2. ਪ੍ਰਸਤਾਵਨਾ ਵਿੱਚ ਸੰਵਿਧਾਨ ਦੇ ਉਦੇਸ਼ਾਂ ਦਾ ਵਰਨਣ ਕੀਤਾ ਗਿਆ ਹੈ

IV. ਗਣਰਾਜ ਤੋਂ ਤੁਹਾਡਾ ਕੀ ਭਾਵ ਹੈ?
ਉੱਤਰ:- ਗਣਰਾਜ ਤੋਂ ਭਾਵ ਹੈ ਕਿ ਦੇਸ਼ ਦਾ ਸੰਵਿਧਾਨਿਕ ਮੁੱਖੀ ਲੋਕਾਂ ਦੁਆਰਾ ਚੁਣਿਆ ਜਾਂਦਾ ਹੈ ਉਸ ਦਾ ਅਹੁਦਾ ਇੰਗਲੈਂਡ ਦੇ ਰਾਜੇ ਦੀ ਤਰਾਂ ਜੱਦੀ ਨਹੀਂ ਹੈ ਭਾਰਤ ਦਾ ਰਾਸ਼ਟਰਪਤੀ ਲੋਕਾਂ ਦੁਆਰਾ ਪੰਜ ਸਾਲ ਲਈ ਅਸਿੱਧੇ ਤੌਰ ਤੇ ਚੁਣਿਆ ਜਾਂਦਾ ਹੈ

V. ਭਾਰਤੀ ਸੰਵਿਧਾਨ ਨੂੰ ਉਧਾਰ ਦਾ ਥੈਲਾ (Bag of borrowings) ਕਿਉਂ ਕਿਹਾ ਜਾਂਦਾ ਹੈ?

ਉੱਤਰ:- ਭਾਰਤ ਦੇ ਸੰਵਿਧਾਨ ਨੂੰ ਉਧਾਰ ਦਾ ਥੈਲਾ ਇਸ ਕਰਕੇ ਕਿਹਾ ਜਾਂਦਾ ਹੈ ਕਿ ਭਾਰਤ ਦੇ ਸੰਵਿਧਾਨ ਦੀਆਂ ਵਿਵਸਥਾਵਾਂ ਅਸੀਂ ਵੱਖ ਵੱਖ ਦੇਸ਼ਾਂ ਦੀਆਂ ਵਿਵਸਥਾਵਾਂ ਤੋਂ ਲਈਆਂ ਹਨ ਜਿਵੇਂ ਕਾਨੂੰਨ ਦਾ ਸ਼ਾਸਨ ਇੰਗਲੈਂਡ ਤੋਂ ,ਮੌਲਿਕ ਅਧਿਕਾਰ ਅਤੇ ਨਿਆਂਪਾਲਿਕਾ ਸੰਯੁਕਤ ਰਾਜ ਅਮਰੀਕਾ ਤੋਂ, ਰਾਜਨੀਤੀ ਦੇ ਨਿਰਦੇਸ਼ ਸਿਧਾਂਤ ਆਇਰਲੈਂਡ ਤੋਂ, ਰਾਜ ਸਭਾ ਦੇ ਮੈਂਬਰਾਂ ਦੀ ਚੋਣ ਦੱਖਣੀ ਅਫਰੀਕਾ ਤੋਂ ,ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ ਜਰਮਨੀ ਤੋਂ ਲਈਆਂ ਗਈਆਂ ਹਨ।

11. ਪ੍ਰਸ਼ਨ ਦੇ ਉੱਤਰ 60 ਤੋਂ 75 ਸ਼ਬਦਾਂ ਵਿੱਚ ਦਿਓ--

I. ਪ੍ਰਸਤਾਵਨਾ ਵਿੱਚ ਸ਼ਾਮਲ ਸੰਵਿਧਾਨ ਦੇ ਕਿਹੜੇ ਉਦੇਸ਼ ਹਨ?

ਉੱਤਰ:- ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸੰਵਿਧਾਨ ਦੇ ਉਦੇਸ਼ਾਂ ਦਾ ਵਰਨਣ ਕੀਤਾ ਗਿਆ ਹੈ ਜਿਵੇਂ ਕਿ ਸਮਾਜਿਕ ਨਿਆਂ, ਆਰਥਿਕ ਨਿਆਂ ਅਤੇ ਰਾਜਨੀਤਿਕ ਨਿਆਂ ਦਾ ਵਰਣਨ ਮਿਲਦਾ ਹੈ, ਵਿਚਾਰ ਪ੍ਰਗਟਾਉਣ ਦੀ ਸੁਤੰਤਰਤਾ ,ਵਿਸ਼ਵਾਸ ਅਤੇ ਧਰਮ ਅਤੇ ਪੂਜਾ ਕਰਨ ਦੀ ਸੁਤੰਤਰਤਾ, ਸਰਵਜਨਕ ਪਦਵੀ ਪ੍ਰਾਪਤ ਕਰਨ ਦੀ ਸਮਾਨਤਾ ਅਤੇ ਮੌਕਿਆਂ ਨੂੰ ਪ੍ਰਾਪਤ ਕਰਨ ਦੀ ਸਮਾਨਤਾ ਦਿੱਤੀ ਗਈ ਹੈ ਪ੍ਰਸਤਾਵਨਾ ਵਿੱਚ ਸ਼ਾਮਿਲ ਭਾਈਚਾਰਕ ਸਾਂਝ ,ਵਿਅਕਤੀ ਦੇ ਮਾਨ ਸਮਾਨ ਨੂੰ ਕਾਇਮ ਰੱਖਣ ਦਾ ਵਿਸ਼ਵਾਸ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ ਦਾ ਵਿਸ਼ਵਾਸ ਦਵਾਇਆ ਗਿਆ ਹੈ।

II. ਭਾਰਤੀ ਸੰਵਿਧਾਨ ਨੇ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਕੀ - ਕੀ ਉਧਾਰ ਲਿਆ?

ਉੱਤਰ:- ਭਾਰਤੀ ਸੰਵਿਧਾਨ ਨੇ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਇੰਗਲੈਂਡ ਦੇ ਸੰਵਿਧਾਨ ਤੋਂ ਸੰਸਦੀ ਸ਼ਾਸਨ ਪ੍ਰਣਾਲੀ ਅਤੇ ਕਾਨੂੰਨ ਦਾ ਸ਼ਾਸਨ ਮੌਲਿਕ ਅਧਿਕਾਰ ਅਤੇ ਨਿਆਂਪਾਲਿਕਾ ਦੀ ਵਿਵਸਥਾ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਤੋਂ, ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ ਆਇਰਲੈਂਡ ਦੇ ਸੰਵਿਧਾਨ ਤੋਂ, ਭਾਰਤ ਦਾ ਸੰਘਾਤਮਕ ਢਾਂਚਾ ਕਨੇਡਾ ਦੇ ਸੰਵਿਧਾਨ ਤੋਂ ,ਰਾਜ ਸਭਾ ਦੇ ਮੈਂਬਰਾਂ ਦੀ ਚੋਣ ਅਤੇ ਸੰਵਿਧਾਨ ਸੋਧ ਦੀ ਵਿਧੀ ਦੱਖਣੀ ਅਫਰੀਕਾ ਦੇ ਸੰਵਿਧਾਨ ਤੋਂ, ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ ਜਰਮਨੀ ਦੇ ਸੰਵਿਧਾਨ ਤੋਂ ਅਤੇ ਮੌਲਿਕ ਕਰਤੱਵ ਸੋਵੀਅਤ ਸੰਘ ਦੇ ਸੰਵਿਧਾਨ ਤੋਂ ਲਏ ਹਨ

III. ਸਿੱਧ ਕਰੋ ਕਿ ਭਾਰਤੀ ਸੰਵਿਧਾਨ ਲਚਕਤਾ ਅਤੇ ਕਠੋਰਤਾ ਦਾ ਮਿਸ਼ਰਣ ਹੈ?

ਉੱਤਰ:- ਭਾਰਤੀ ਸੰਵਿਧਾਨ ਲਚਕੀਲੇਪਣ ਅਤੇ ਕਠੋਰਤਾ ਦਾ ਮਿਸ਼ਰਣ ਹੈ ਭਾਰਤੀ ਸੰਵਿਧਾਨ ਦੀਆਂ ਕੁਝ ਧਾਰਾਵਾਂ ਹਨ ਜਿਨਾਂ ਨੂੰ ਸਧਾਰਨ ਬਹੁਮਤ ਨਾਲ ਸੋਧਿਆ ਜਾ ਸਕਦਾ ਹੈ ਭਾਰਤੀ ਸੰਵਿਧਾਨ ਦੇ ਅਨੁਛੇਦ 368 ਵਿੱਚ ਭਾਰਤੀ ਸੰਵਿਧਾਨ ਦੀ ਸੋਧ ਵਿਧੀ ਸ਼ਾਮਿਲ ਹੈ ਭਾਰਤੀ ਸੰਵਿਧਾਨ ਦੀਆਂ ਕੁਝ ਧਾਰਾਵਾਂ ਅਜਿਹੀਆਂ ਵੀ ਹਨ ਜਿਨਾਂ ਨੂੰ ਸੰਸਦ ਦੇ ਦੋਨਾਂ ਸਦਨਾਂ ਦੀ 2/3 ਬਹੁਮਤ ਨਾਲ ਸੋਧਿਆ ਜਾ ਸਕਦਾ ਹੈ ਤੇ ਨਾਲ ਹੀ 1/2 ਰਾਜ ਵਿਧਾਨ ਮੰਡਲਾਂ ਦੀ ਪ੍ਰਵਾਨਗੀ ਦੀ ਵੀ ਜਰੂਰਤ ਹੋ ਜਾਂਦੀ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਭਾਰਤੀ ਸੰਵਿਧਾਨ ਲਚਕਤਾ ਅਤੇ ਕਠੋਰਤਾ ਦਾ ਮਿਸ਼ਰਣ ਹੈ।

IV. ਕਨੂੰਨ ਦੇ ਸ਼ਾਸਨ ਤੋਂ ਤੁਹਾਡਾ ਕੀ ਭਾਵ ਹੈ?

ਉੱਤਰ:- ਸਾਡੇ ਸੰਵਿਧਾਨ ਵਿੱਚ ਕਾਨੂੰਨ ਦੇ ਸ਼ਾਸਨ ਦੀ ਵਿਵਸਥਾ ਕੀਤੀ ਗਈ ਹੈ ਜੋ ਅਸੀਂ ਬਰਤਾਨੀਆ ਦੇ ਸੰਵਿਧਾਨ ਤੋਂ ਪ੍ਰਾਪਤ ਕੀਤਾ ਹੈ ਇਸ ਅਨੁਸਾਰ ਹਰ ਵਿਅਕਤੀ ਕਾਨੂੰਨ ਦੇ ਸਾਹਮਣੇ ਸਮਾਨ ਹੈ ,ਕਾਨੂੰਨਾਂ ਨੂੰ ਤੋੜਨ ਦੀ ਸਜ਼ਾ ਸਭ ਨੂੰ ਕਾਨੂੰਨ ਮੁਤਾਬਿਕ  ਦਿੱਤੀ ਜਾਏਗੀ ਨਾ ਕਿ ਮਨ ਮਰਜ਼ੀ ਮੁਤਾਬਿਕ, ਇਸ ਤਰ੍ਹਾਂ ਕਾਨੂੰਨ ਦੀ ਸਰਵ ਉੱਚਤਾ ਸਥਾਪਿਤ ਹੁੰਦੀ ਹੈ।

V. ਸੰਘਾਤਮਕ ਪ੍ਰਨਾਲੀ ਤੋਂ ਕੀ ਭਾਵ ਹੈ?

ਉੱਤਰ:- ਸੰਘਾਤਮਕ ਪ੍ਰਨਾਲੀ ਤੋਂ ਭਾਵ ਜਿਸ ਵਿੱਚ ਸਰਕਾਰ ਦਾ ਪ੍ਰਬੰਧ ਦੋਹਰਾ ਹੁੰਦਾ ਹੈ, ਇਕ ਕੇਂਦਰ ਵਿੱਚ ਸਰਕਾਰ ਅਤੇ ਰਾਜ ਸਰਕਾਰਾਂ ਵੱਖਰੀਆਂ ਹੁੰਦੀਆਂ ਹਨ ਦੋਹਾਂ ਦਾ ਕਾਰਜ ਖੇਤਰ ਵੱਖਰਾ - ਵੱਖਰਾ ਹੁੰਦਾ ਹੈ ਕੇਂਦਰ ਅਤੇ ਰਾਜਾਂ ਵਿਚਾਲੇ ਸ਼ਕਤੀਆਂ ਦੀ ਵੰਡ ਸੰਵਿਧਾਨ ਅਨੁਸਾਰ ਕੀਤੀ ਜਾਂਦੀ ਹੈ, ਦੋਵੇਂ ਸਰਕਾਰਾਂ ਸੁਤੰਤਰ ਰੂਪ ਵਿੱਚ ਆਪਣਾ ਰਾਜ ਪ੍ਰਬੰਧ ਚਲਾਉਂਦੀਆਂ ਹਨ ਅਤੇ ਇੱਕ ਦੂਜੇ ਦੇ ਕਾਰਜ ਖੇਤਰ ਵਿੱਚ ਦਖਲਅੰਦਾਜ਼ੀ ਨਹੀਂ ਕਰਦੀਆਂ

VI. ਬਾਲਗ-ਮੱਤ ਅਧਿਕਾਰ ਤੋਂ ਕੀ ਭਾਵ ਹੈ?

ਉੱਤਰ:- ਭਾਰਤੀ ਸੰਵਿਧਾਨ ਵਿੱਚ ਸਰਵਜਨਕ ਬਾਲਕ ਮੱਤ ਅਧਿਕਾਰ ਦੀ ਵਿਵਸਥਾ ਕੀਤੀ ਗਈ ਹੈ। ਹਰ ਭਾਰਤੀ ਨਾਗਰਿਕ ਜਿਸ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ ਉਹ ਔਰਤ ਹੋਵੇ ਜਾਂ ਮਰਦ ਬਿਨਾਂ ਕਿਸੇ ਭੇਦ ਭਾਵ ਤੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਦਾ ਹੈ। ਸੰਵਿਧਾਨ ਦੇ ਅਨੁਛੇਦ 125 ਅਧੀਨ ਸੰਵਿਧਾਨ ਵਿੱਚ ਸਰਵਜਨਕ ਬਾਲਗ ਮੱਤ ਅਧਿਕਾਰ ਦੀ ਵਿਵਸਥਾ ਕੀਤੀ ਗਈ ਹੈ।

VII. 'ਭਾਰਤ ਦਾ ਸੰਵਿਧਾਨ ਬਣਤਰ ਵਿੱਚ ਸੰਘੀ ਪਰ ਅਸਲ ਵਿੱਚ ਇਕਾਤਮਕ ਹੈ' ਇਸਦੇ ਕੀ ਅਰਥ ਹਨ?

ਉੱਤਰ:- ਭਾਰਤ ਦਾ ਸੰਵਿਧਾਨ ਬਣਤਰ ਵਿੱਚ ਇਕਾਤਮਕ ਹੈ ਪਰ ਜਦ ਇਸਦਾ ਅਧਿਐਨ ਕੀਤਾ ਜਾਂਦਾ ਹੈ ਤੇ ਬਹੁਤ ਸਾਰੀਆਂ ਵਿਸ਼ੇਸ਼ਤਾਈਆਂ ਹਨ ਜੋ ਭਾਰਤੀ ਸੰਵਿਧਾਨ ਨੂੰ ਇਕਾਤਮਕ ਵੱਲ ਝੁਕਾ ਦਿੰਦੀਆਂ ਹਨ ਜਿਵੇਂ ਕੇਂਦਰ ਕੋਲ ਵਧੇਰੇ ਸ਼ਕਤੀਆਂ, ਰਾਜਾਂ ਦੀ ਕੇਂਦਰ ਤੇ ਵਿੱਤੀ ਨਿਰਭਰਤਾ, ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ, ਸੂਬਿਆਂ ਵਿੱਚ ਰਾਜਪਾਲਾਂ ਦੀ ਨਿਯੁਕਤੀ ਕੇਂਦਰ ਦੁਆਰਾ, ਇਕਹਿਰੀ ਨਾਗਰਿਕਤਾ, ਰਾਜਾਂ ਦੇ ਵੱਖਰੇ ਸੰਵਿਧਾਨਾਂ ਦੀ ਅਣਹੋਂਦ ਆਦਿ ਵਿਸ਼ੇਸ਼ਤਾਵਾਂ ਇਕਾਤਮਕ ਹੋਣ ਦਾ ਭੁਲੇਖਾ ਪਾਉਂਦੀਆਂ ਹਨ ਪਰ ਅਸਲ ਵਿੱਚ ਇਹ ਵਿਸ਼ੇਸ਼ਤਾ ਭਾਰਤ ਵਿੱਚ ਸ਼ਕਤੀਸ਼ਾਲੀ ਕੇਂਦਰ ਦੀ ਸਥਾਪਨਾ ਕਰਦੀਆਂ ਹਨ ਅਤੇ ਭਾਰਤੀ ਸੰਵਿਧਾਨ ਨੂੰ ਮਜਬੂਤ ਕੇਂਦਰ ਵਾਲੇ ਸੰਘਾਤਮਕ ਢਾਂਚੇ ਦੀ ਵਿਵਸਥਾ ਕਰਦੀਆਂ ਹਨ

## CEP SHEET 3

# ਪਾਠ – 9 ਨਿਆਂਪਾਲਿਕਾ

ਅਭਿਆਸ (Exercise)

1. ਇਨਾਂ ਬਹੁ-ਚੋਣਵੇਂ ਪ੍ਰਸ਼ਨਾਂ ਦੇ ਸਹੀ ਉੱਤਰਾਂ ਦੀ ਚੋਣ ਕਰੋ-

(ੳ) ਸਰਕਾਰ ਦਾ ਕਿਹੜਾ ਅੰਗ ਝਗੜਿਆਂ ਦੇ ਨਿਪਟਾਰਿਆਂ ਲਈ ਜ਼ਿੰਮੇਵਾਰ ਹੁੰਦਾ ਹੈ?

(i) ਵਿਧਾਨਪਾਲਿਕਾ

(ii) ਕਾਰਜਪਾਲਿਕਾ

(iii) **ਨਿਆਂਪਾਲਿਕਾ**

(iv) ਲੋਕਤੰਤਰ

(ਅ) ਇਨ੍ਹਾਂ ਵਿੱਚੋਂ ਕਿਹੜੇ ਦੇਸ਼ ਵਿੱਚ ਇਕਹਿਰੀ ਸੰਗਠਿਤ ਨਿਆਂਪਾਲਿਕਾ ਹੈ?

(i) ਜਾਪਾਨ

(ii) ਅਮਰੀਕਾ

(iii) **ਭਾਰਤ**

(iv) ਇਨ੍ਹਾਂ ਵਿੱਚੋਂ ਕੋਈ ਨਹੀਂ

(ੲ) ਇਨ੍ਹਾਂ ਵਿੱਚੋਂ ਕਿਹੜੇ ਦੇਸ਼ ਵਿੱਚ ਨਿਆਂਪਾਲਿਕਾ ਚੋਣ ਰਾਹੀਂ ਸਥਾਪਤ ਕੀਤੀ ਜਾਂਦੀ ਹੈ?

(i) ਬਰਤਾਨੀਆਂ

(ii) ਭਾਰਤ

(iii) **ਅਮਰੀਕਾ**

(iv) ਇਨ੍ਹਾਂ ਵਿੱਚੋਂ ਕੋਈ ਨਹੀਂ

(ਸ) ਸਵਿਟਜ਼ਰਲੈਂਡ ਵਿੱਚ ਜੱਜਾਂ ਦੀ ਨਿਯੁਕਤੀ ਕਿਵੇਂ ਹੁੰਦੀ ਹੈ?

(i) **ਚੋਣ ਰਾਹੀਂ**

(ii) ਨਾਮਜ਼ਦਗੀ ਰਾਹੀਂ

(iii) ਜੱਦੀ ਪ੍ਰਚਲਨ ਰਾਹੀਂ

(iv) ਪ੍ਰਧਾਨ ਮੰਤਰੀ ਦੁਆਰਾ

(ਹ) ਕਿਹੜਾ ਅਹੁੱਦਾ ਜ਼ਿਲ੍ਹਾ ਪੱਧਰੀ ਅਦਾਲਤ ਦੀ ਅਗਵਾਈ ਕਰਨ ਵਾਲੇ ਅਧਿਕਾਰੀ ਦਾ ਹੈ?

(i) ਚੀਫ਼ ਜਸਟਿਸ

(ii) ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ

(iii) **ਸੈਸ਼ਨਜ਼ ਜੱਜ**

(iv) ਜਸਟਿਸ ਆਫ ਦਿਹਾਈ ਕੋਰਟ

(ਕ) ਕਿਹੜੇ ਦੇਸ਼ ਦੀ ਨਿਆਂਪਾਲਿਕਾ ਕੋਲ ਨਿਆਂਇਕ ਪੁਨਰ-ਨਿਰੀਖਣ ਦੀ ਤਾਕਤ ਨਹੀਂ ਹੈ?

(i) ਅਮਰੀਕਾ

(ii) ਭਾਰਤ

(iii) **ਬਰਤਾਨੀਆਂ**

(iv) ਇਨ੍ਹਾਂ ਵਿੱਚ ਕੋਈ ਨਹੀਂ

2 ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਇੱਕ ਦੇ ਸ਼ਬਦਾਂ ਵਿੱਚ ਦਿਓ-

(ੳ) "ਸਰਕਾਰ ਦੀਆਂ ਤਾਨਾਸ਼ਾਹ ਸ਼ਕਤੀਆਂ ਵਿਰੁੱਧ ਕਨੂੰਨ ਦੀ ਸਰਵ-ਉੱਚ ਸ਼ਕਤੀ ਦਾ ਹੋਣਾ ਹੀ ਕਨੂੰਨ ਦਾ ਸ਼ਾਸਨ ਹੈ" ਇਹ ਕਥਨ ਕਿਸ ਵਿਚਾਰਵਾਨ ਦਾ ਹੈ?

ਉੱਤਰ :- ਡਾਈਸੀ

(ਅ) ਭਾਰਤ ਵਿੱਚ 'ਲੋਕ ਹਿੱਤ ਪਟੀਸ਼ਨ (ਯਾਚਿਕਾ)' ਦਾ ਜਨਮਦਾਤਾ ਕੌਣ ਹਨ?

ਉੱਤਰ :- ਜਸਟਿਸ ਪੀਐਨ ਭਗਵਤੀ ਅਤੇ ਜਸਟਿਸ ਵੀ ਆਰ ਕ੍ਰਿਸ਼ਨਾ ਆਇਰ

(ੲ) 'ਬਣਦੀ ਕਨੂੰਨੀ ਪ੍ਰਕਿਰਿਆ' ਕਿਹੜੇ ਦੇਸ਼ ਨਾਲ ਸਬੰਧਤ ਹੈ?

ਉੱਤਰ :- ਸੰਯੁਕਤ ਰਾਜ ਅਮਰੀਕਾ

(ਸ) ਸਰਕਾਰ ਦੀ ਜਵਾਬਦੇਹੀ ਕਿਨ੍ਹਾਂ ਸਾਹਮਣੇ ਤੈਅ ਹੁੰਦੀ ਹੈ?

ਉੱਤਰ :- ਸਰਕਾਰ ਦੀ ਜਵਾਬਦੇਹੀ ਨਿਆਂਪਾਲਿਕਾ ਸਾਹਮਣੇ ਤੈਅ ਹੁੰਦੀ ਹੈ

(ਹ) ਸਰਕਾਰ ਦਾ ਕਿਹੜਾ ਅੰਗ ਸੰਵਿਧਾਨ ਵਜੋਂ ਉਭਰਿਆ ਹੈ?

ਉੱਤਰ :- ਨਿਆਂਪਾਲਿਕਾ

(ਕ) ਨਿਆਂਪਾਲਿਕਾ, ਨਾਗਰਿਕਾਂ ਦੇ **ਅਧਿਕਾਰਾਂ** ਅਤੇ **ਸੁਤੰਤਰਤਾਵਾਂ** ਦੀ ਰਾਖੀ ਕਰਦੀ ਹੈ।

(ਖ) ਸੰਵਿਧਾਨ ਦੀ ਵਿਆਖਿਆ ਕਰਨ ਦਾ ਅਧਿਕਾਰ **ਨਿਆਂਪਾਲਿਕਾ** ਕੋਲ ਹੁੰਦਾ ਹੈ।

(ਗ) ਭਾਰਤ ਦਾ ਰਾਸ਼ਟਰਪਤੀ ਅਨੁਛੇਦ **143** ਰਾਹੀਂ ਸਰਵ-ਉੱਚ ਅਦਾਲਤ ਤੋਂ ਸਲਾਹ ਲੈ ਸਕਦਾ ਹੈ।

(ਘ) ਲੋਕ ਹਿੱਤ ਪਟੀਸ਼ਨ ਰਾਹੀਂ ਕਿਸੇ ਹੋਰ ਦੇ ਅਧਿਕਾਰਾਂ ਲਈ ਵੀ ਅਦਾਲਤ ਵਿੱਚ ਜਾ ਸਕਦੇ ਹਾਂ- **ਸਹੀ**

(ਙ) ਨਿਆਂਪਾਲਿਕਾ ਨਿਆਂ ਪ੍ਰਕਿਰਿਆ ਦੌਰਾਨ ਸਰਕਾਰ ਦੀ ਸਲਾਹ ਨੂੰ ਅੰਤਿਮ/ਆਖਰੀ ਮੰਨਦੀ ਹੈ— **ਗਲਤ**

(ਚ) ਨਿਆਂਪਾਲਿਕਾ ਹੀ ਸਰਕਾਰ ਦੇ ਤਿੰਨ ਅੰਗਾਂ ਵਿੱਚ ਸੰਤੁਲਨ ਕਾਇਮ ਕਰਦੀ ਹੈ-**ਸਹੀ**

3 ਇਨਾਂ ਪ੍ਰਸ਼ਨਾਂ ਦੇ ਉੱਤਰ 2-4 ਸਤਰਾ ਵਿੱਚ ਦਿਓ-

I. ਕਨੂੰਨ ਦੇ ਸ਼ਾਸਨ ਤੋਂ ਕੀ ਭਾਵ ਹੈ?

ਉੱਤਰ :- ਕਾਨੂੰਨ ਦੇ ਸ਼ਾਸਨ ਤੋਂ ਭਾਵ ਹੈ ਕਿ ਕਾਨੂੰਨ ਸਾਰਿਆਂ ਲਈ ਬਰਾਬਰ ਹੈ ਭਾਵੇਂ ਉਹ ਅਮੀਰ ਹੋਵੇ ਭਾਵੇਂ ਗਰੀਬ ਕਾਨੂੰਨ ਸਾਰਿਆਂ ਤੇ ਇੱਕ ਸਾਰ ਲਾਗੂ ਹੁੰਦਾ ਹੈ ਪ੍ਰੋਫੈਸਰ ਡਾਇਸੀ ਦੇ ਅਨੁਸਾਰ "ਸਰਕਾਰ ਦੀਆਂ ਤਾਨਾਸ਼ਾਹ ਸ਼ਕਤੀਆਂ ਦੇ ਵਿਰੁੱਧ ਕਾਨੂੰਨ ਦੀ ਸਰਵ ਉੱਚ ਸ਼ਕਤੀ ਦਾ ਹੋਣਾ ਹੀ ਕਾਨੂੰਨ ਦਾ ਸ਼ਾਸਨ ਹੈ"

II. ਨਿਆਂਇਕ ਪੁਨਰ ਨਿਰੀਖਣ ਤੋਂ ਕੀ ਭਾਵ ਹੈ?

ਉੱਤਰ :- ਨਿਆਂਇਕ ਪੁਨਰ ਨਿਰੀਖਣ ਤੋਂ ਭਾਵ ਹੈ ਸਰਵਉੱਚ ਅਦਾਲਤ ਤੇ ਉਚ ਅਦਾਲਤਾਂ ਦੁਆਰਾ ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਦੀ ਉਹਨਾਂ ਫੈਸਲੇ ਨੂੰ ਰੱਦ ਕਰਨਾ ਜਾਂ ਅਸੰਵਿਧਾਨਿਕ ਐਲਾਨ ਕਰਨਾ ਜੋ ਫੈਸਲੇ ਸੰਵਿਧਾਨ ਦੇ ਅਨੁਸਾਰ ਨਾ ਹੋਣ

III. ਪੰਜਾਬ ਦੀ ਉੱਚ ਅਦਾਲਤ ਦਾ ਪੂਰਾ ਨਾਮ ਕੀ ਹੈ? ਉਹ ਕਿੱਥੇ ਸਥਿਤ ਹੈ?

ਉੱਤਰ :- ਪੰਜਾਬ ਦੀ ਉੱਚ ਅਦਾਲਤ ਦਾ ਨਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਹੈ ਉਹ ਚੰਡੀਗੜ੍ਹ ਵਿਖੇ ਸਥਿਤ ਹੈ

IV. ਭਾਰਤ ਵਿੱਚ ਉੱਤਰ-ਪੂਰਬੀ ਰਾਜਾਂ ਲਈ ਕਿੰਨੀਆਂ ਉੱਚ-ਅਦਾਲਤਾਂ ਹਨ ਤੇ ਉਹ ਕਿੱਥੇ ਸਥਿਤ ਹਨ?

ਉੱਤਰ :- ਭਾਰਤ ਵਿੱਚ ਉਤਰ ਪੂਰਵੀ ਰਾਜਾਂ ਲਈ ਕੁੱਲ ਪੰਜ ਉੱਚ ਅਦਾਲਤਾਂ ਹਨ ,ਉਹ ਅਸਾਮ ਦੀ ਗੁਹਾਟੀ, ਸਿੱਕਮ ਦੀ ਗੰਗਟੋਕ, ਤ੍ਰਿਪਰਾ ਦੀ ਅਗਰਤਲਾ, ਮਨੀਪੁਰ ਦੀ ਇੰਫਾਲ, ਮੇਘਾਲਿਆ ਦੀ ਸ਼ਿਲੋਂਗ

4. ਪ੍ਰਸ਼ਨਾਂ ਦੇ ਉੱਤਰ 10 ਤੋਂ 15 ਸ਼ਬਦਾਂ ਵਿੱਚ ਦਿਓ

I. ਨਿਆਂਪਾਲਿਕਾ ਦੀ ਸੁਤੰਤਰਤਾ ਕਿਵੇਂ ਨਿਸਚਤ ਕੀਤੀ ਅਤੇ ਕਿਵੇਂ ਯਕੀਨੀ ਬਣਾਈ ਜਾ ਸਕਦੀ ਹੈ?

ਉੱਤਰ :- ਨਿਆਂਪਾਲਿਕਾ ਦੀ ਸੁਤੰਤਰਤਾ ਤੋਂ ਭਾਵ ਹੈ ਕਿ ਨਿਆਂ ਕਰਦੇ ਸਮੇਂ ਜੱਜ ਪੂਰੀ ਤਰਾਂ ਸੁਤੰਤਰ ਹੋਣ ਉਹਨਾਂ ਤੇ ਕਿਸੇ ਵੀ ਤਰ੍ਹਾਂ ਦਾ ਕੋਈ ਦਬਾਅ ਨਾ ਹੋਵੇ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਕਰਦੇ ਸਮੇਂ ਵਿਰੋਧੀ ਧਿਰ ਭਾਵੇਂ ਉੱਚੇ ਰਸੂਖ ਵਾਲੀ ਹੋਵੇ ਸਾਰਿਆਂ ਲਈ ਨਿਆ ਇੱਕੋ ਜਿਹਾ ਹੋਵੇ ਇਸ ਲਈ ਹੇਠ ਲਿਖੇ ਪ੍ਰਬੰਧਾਂ ਦਾ ਵਰਣਨ ਕੀਤਾ ਗਿਆ ਹੈ 1.ਜੱਜਾਂ ਦੀ ਨਿਯੁਕਤੀ ਕਾਬਲੀਅਤ ਅਤੇ ਉੱਚ ਯੋਗਤਾਵਾਂ ਦੇ ਅਧਾਰ ਤੇ ਕੀਤੀ ਜਾਣੀ ਚਾਹੀਦੀ ਹੈ ਜੇਕਰ ਜੱਜਾਂ ਦੀ ਨਿਯੁਕਤੀ ਦਾ ਆਧਾਰ ਰਾਜਨੀਤਿਕ ਹੋਵੇਗਾ ਤਾਂ ਸਬੰਧਕ ਰਾਜਨੀਤਿਕ ਪਾਰਟੀਆਂ ਆਪਣੀ ਹੀ ਪਾਰਟੀ ਸਮਰਥਕ ਨੂੰ ਜੱਜ ਨਿਯੁਕਤ ਕਰ ਦੇਣਗੀਆਂ ਜੋ ਕਿ ਸੰਵਿਧਾਨ ਲਈ ਠੀਕ ਨਹੀਂ ਹੋਵੇਗਾ

2.ਵਿਧਾਨ ਪਾਲਿਕਾ ਦੇ ਕਾਰਜ ਪਾਲਿਕਾ ਦੀ ਜੱਜਾਂ ਦੀ ਨਿਯੁਕਤੀ ਵਿੱਚ ਘੱਟ ਤੋਂ ਘੱਟ ਦਖਲ ਅੰਦਾਜੀ ਹੋਵੇ ਦੂਸਰਾ ਜੱਜਾਂ ਨੂੰ ਆਪਣੇ ਅਹੁਦੇ ਪ੍ਰਤੀ ਇਮਾਨਦਾਰ ਰਹਿਣ ਲਈ ਸੰਹੁ ਚੁਕਾਈ ਜਾਂਦੀ ਹੈ ਅਤੇ ਉਹ ਆਪਣੇ ਨਿਆਂ ਕਾਰਜ ਪੂਰੀ ਇਮਾਨਦਾਰੀ ਅਤੇ ਪੱਖਪਾਤ ਤੋਂ ਬਿਨਾਂ ਕਰਨਗੇ

3. ਜੱਜਾਂ ਦੀਆਂ ਤਨਖਾਹਾਂ ਅਤੇ ਸੇਵਾ ਸ਼ਰਤਾਂ ਨੂੰ ਵਿਧਾਨ ਪਾਲਿਕਾ ਦੇ ਕਾਰਜ ਪਾਲਿਕਾ ਤੋਂ ਮੁਕਤ ਰੱਖਿਆ ਜਾਂਦਾ ਹੈ। ਤਾਂ ਜੋ ਇਹ ਦਖਲਅੰਦਾਜੀ ਨਿਆਂ ਦੀ ਭਾਵਨਾ ਉੱਤੇ ਅਸਰ ਨਾ ਪਾਵੇ

4. ਜੱਜਾਂ ਨੂੰ ਅਹੁਦੇ ਤੋਂ ਹਟਾਉਣ ਦੀ ਪ੍ਰਕਿਰਿਆ ਨੂੰ ਮੁਸ਼ਕਿਲ ਬਣਾਇਆ ਜਾਂਦਾ ਹੈ ਜੱਜਾਂ ਨੂੰ ਅਹੁਦੇ ਤੋਂ ਹਟਾਉਣ ਲਈ ਵਿਧਾਨ ਪਾਲਿਕਾ ਵਿੱਚ ਦੋ ਤਿਹਾਈ ਬਹੁਮਤ ਦੀ ਜਰੂਰਤ ਹੁੰਦੀ ਹੈ ਜੱਜਾਂ ਨੂੰ ਕੇਵਲ ਮਹਾਂਦੋਸ਼ ਰਾਹੀਂ ਹੀ ਹਟਾਇਆ ਜਾ ਸਕਦਾ ਹੈ। ਤਾਂ ਜੋ ਅਯੋਗਤਾ ਅਤੇ ਦੁਰਵਿਵਹਾਰ ਨਾ ਕੀਤਾ ਜਾ ਸਕੇ ਉਹ ਆਪਣੇ ਫੈਸਲੇ ਭੈ ਮੁਕਤ ਹੋ ਕੇ ਕਰ ਸਕਣ ।

# <u>ਪਾਠ – 6. ਸਰਕਾਰਾਂ ਦੇ ਰੂਪ</u>

1. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸੂਹੀ ਚੋਣ ਕਰਕੇ / ਇੱਕ-ਦੋ ਸ਼ਬਦਾਂ ਵਿੱਚ ਦਿਓ-

(ੳ) "ਲੋਕਤੰਤਰ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਰਾਹੀਂ ਸਰਕਾਰ ਹੈ" ਇਹ ਪਰਿਭਾਸ਼ਾ ਕਿਸਦੀ ਹੈ?

(i) ਪ੍ਰੋ. ਡਾਇਸੀ (ii) **<u>ਅਬਰਾਹਮ ਲਿੰਕਨ</u>**

(iii) ਲਾਰਡ ਬ੍ਰਾਈਸ (iv) ਲਾਸਕੀ

(ਅ) "ਲੋਕਤੰਤਰ ਸ਼ਬਦ ਦੀ ਉਤਪਤੀ Demos ਅਤੇ Kratos ਦੋ ਸ਼ਬਦਾਂ ਤੋਂ ਹੋਈ ਹੈ"? ਇਹ ਕਿਸ ਭਾਸ਼ਾ ਦੇ ਸ਼ਬਦ ਹਨ?

(i) ਲਾਤੀਨੀ ਭਾਸ਼ਾ (ii) **<u>ਯੂਨਾਨੀ ਭਾਸ਼ਾ</u>**

(iii) ਰੋਮਨ ਭਾਸ਼ਾ (iv) ਅੰਗ੍ਰੇਜ਼ੀ ਭਾਸ਼ਾ

(ੲ) ਹੇਠ ਲਿਖੇ ਕਿਹੜੇ ਦੇਸ਼ ਵਿੱਚ ਇਕਾਤਮਕ ਸਰਕਾਰ ਹੈ?

(i) ਅਮਰੀਕਾ (ii) **<u>ਇੰਗਲੈਂਡ</u>**

(iii) ਭਾਰਤ (iv) ਬੰਗਲਾ ਦੇਸ਼

(ਸ) ਲੋਕਤੰਤਰ ਵਿੱਚ ਪ੍ਰਭੂਸੱਤਾ **<u>ਲੋਕਾਂ ਕੋਲ</u>** ਹੁੰਦੀ ਹੈ।

(ਹ) ਤਾਨਾਸ਼ਾਹੀ ਵਿੱਚ **<u>ਰਾਜ ਅਤੇ ਸਰਕਾਰ ਵਿੱਚ</u>** ਵਿਚਕਾਰ ਕੋਈ ਅੰਤਰ ਨਹੀਂ ਹੁੰਦਾ।

(ਕ) ਸੰਸਦੀ ਸਰਕਾਰ ਵਿੱਚ **<u>ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ</u>** ਵਿਚਕਾਰ ਗੂੜ੍ਹੇ ਸਬੰਧ ਹੁੰਦੇ ਹਨ।

(ਖ) ਪ੍ਰਧਾਨਗੀ ਸਰਕਾਰ ਵਿੱਚ **<u>ਕਾਰਜ ਪਾਲਿਕਾ</u>** ਦੀ ਮਿਆਦ ਨਿਸਚਤ ਹੁੰਦੀ ਹੈ।

(ਗ) ਸੰਘਾਤਮਕ ਸਰਕਾਰ ਵਿੱਚ ਸੰਵਿਧਾਨ **<u>ਲਿਖਤੀ</u>** ਹੁੰਦਾ ਹੈ।

(ਘ) ਲੋਕਤੰਤਰ ਵਿੱਚ ਅਧਿਕਾਰਾਂ ਦੀ ਬਜਾਏ ਕਰਤੱਵਾਂ 'ਤੇ ਜ਼ੋਰ ਦਿੱਤਾ ਜਾਂਦਾ ਹੈ। **<u>(ਗਲਤ)</u>**

(ਙ) ਸੰਸਦੀ ਸਰਕਾਰ ਵਿੱਚ ਮੰਤਰੀ ਮੰਡਲ ਦੀ ਕੋਈ ਜਵਾਬਦੇਹੀ ਨਹੀਂ ਹੁੰਦੀ। **<u>(ਗਲਤ)</u>**

(ਚ) ਲੋਕਤੰਤਰ ਲਈ ਇਬਰਾਹਿਮ ਲਿੰਕਨ ਦੀ ਪਰਿਭਾਸ਼ਾ ਲਿਖੋ?
ਉੱਤਰ:- "ਲੋਕਤੰਤਰ ਲੋਕਾਂ ਰਾਹੀਂ ਲੋਕਾਂ ਲਈ ਅਤੇ ਲੋਕਾਂ ਦੀ ਸਰਕਾਰ ਹੈ"

(ਛ) ਜਨਮੱਤ ਸੰਗ੍ਰਹਿ ਤੋਂ ਤੁਹਾਡਾ ਕੀ ਭਾਵ ਹੈ?

ਉੱਤਰ:- ਜਨਮੱਤ ਸੰਗ੍ਰਹਿ ਤੋਂ ਭਾਵ ਸਮੁੱਚੇ ਮੱਤ ਦਤਾਵਾਂ ਦੁਆਰਾ ਆਪ ਕੰਮਾਂ ਦੀ ਪ੍ਰਵਾਨਗੀ ਦੇਣਾ ਹੈ ਇਸ ਸਾਧਨ ਰਾਹੀਂ ਕਿਸੇ ਕਾਨੂੰਨ ਨੂੰ ਅੰਤਿਮ ਰੂਪ ਵਿੱਚ ਲਾਗੂ ਕਰਨ ਤੋਂ ਪਹਿਲਾਂ ਪਾਸ ਕੀਤੇ ਗਏ ਕਾਨੂੰਨ ਬਾਰੇ ਲੋਕਾਂ ਦੀ ਰਾਏ ਲਈ ਜਾਂਦੀ ਹੈ ਵਰਤਮਾਨ ਸਮੇਂ ਵਿੱਚ ਸਵਿਟਜਰਲੈਂਡ ਅਤੇ ਅਮਰੀਕਾ ਦੇ ਕੁਝ ਰਾਜਾਂ ਵਿੱਚ ਅਜਿਹੀ ਹੀ ਪ੍ਰਕਿਰਿਆ ਦਾ ਪ੍ਰਬੰਧ ਹੈ

(ਜ) ਤਾਨਾਸ਼ਾਹੀ ਦੀਆਂ ਕਿਸਮਾਂ ਲਿਖੋ।

ਉੱਤਰ:- ਤਾਨਾਸ਼ਾਹੀ ਦੀਆਂ ਤਿੰਨ ਕਿਸਮਾਂ ਹਨ

1. ਸਾਮਵਾਦੀ ਤਾਨਾਸ਼ਾਹੀ 2.ਸੈਨਿਕ ਤਾਨਾਸ਼ਾਹੀ 3.ਆਧੁਨਿਕ ਤਾਨਾਸ਼ਾਹੀ

(ਝ) ਇਕਾਤਮਕ ਸਰਕਾਰ ਤੋਂ ਤੁਹਾਡਾ ਕੀ ਭਾਵ ਹੈ?

ਉੱਤਰ:- ਇਕਾਤਮਕ ਸਰਕਾਰ ਤੋਂ ਭਾਵ ਹੈ ਅਜਿਹੀ ਸਰਕਾਰ ਇੱਕ ਅਜਿਹੀ ਕੇਂਦਰੀ ਸਰਕਾਰ ਕੋਲ ਸ਼ਾਸ਼ਨ ਦੀਆਂ ਸਾਰੀਆਂ ਸ਼ਕਤੀਆਂ ਹੁੰਦੀਆਂ ਹਨ ਅਤੇ ਸਥਾਨਕ ਸਰਕਾਰਾਂ ਕੋਲ ਦਿੱਤੀਆਂ ਗਈਆਂ ਸ਼ਕਤੀਆਂ ਉਹਨਾਂ ਦੀਆਂ ਮੌਲਿਕ ਸ਼ਕਤੀਆਂ ਨਹੀਂ ਹੁੰਦੀਆਂ ਇਹ ਸੰਘੀ ਸਰਕਾਰ ਵੱਲੋਂ ਉਹਨਾਂ ਨੂੰ ਵਰਤਣ ਲਈ ਦਿੱਤੀਆਂ ਜਾਂਦੀਆਂ ਹਨ ਸਮੇਂ ਸਮੇਂ ਇਹਨਾਂ ਵਿੱਚ ਵਾਧਾ ਘਾਟਾ ਹੁੰਦਾ ਰਹਿੰਦਾ

2. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 2-4 ਵਾਕਾਂ ਵਿੱਚ ਦਿਓ-

I. ਤਾਨਾਸ਼ਾਹ ਸਰਕਾਰ ਤੋਂ ਕੀ ਭਾਵ ਹੈ?

ਉੱਤਰ:- ਤਾਨਾਸ਼ਾਹ ਸਰਕਾਰ ਤੋਂ ਭਾਵ ਹੈ ਕਿ ਰਾਜਨੀਤੀ ਸੱਤਾ ਦਾ ਆਧਾਰ ਸ਼ਕਤੀ ਹੁੰਦੀ ਹੈ ਅਤੇ ਤਾਨਾਸ਼ਾਹ ਆਪਣੇ ਤੋਂ ਬਿਨਾਂ ਕਿਸੇ ਹੋਰ ਵਿਅਕਤੀ ਜਾਂ ਸੰਸਥਾ ਪ੍ਰਤੀ ਜਵਾਬ ਦੇ ਨਹੀਂ ਹੁੰਦਾ ਉਹ ਜਦੋਂ ਤੱਕ ਸੱਤਾ ਤੇ ਕਾਇਮ ਰਹਿੰਦਾ ਹੈ ਉਦੋਂ ਤੱਕ ਸ਼ਕਤੀ ਉਸਦੇ ਹੱਥਾਂ ਵਿੱਚ ਰਹਿੰਦੀ ਹੈ ਉਸਦੀਆਂ ਸ਼ਕਤੀਆਂ ਅਸੀਮ ਹੁੰਦੀਆਂ ਹਨ ਅਤੇ ਕਾਨੂੰਨ ਦੀ ਥਾਂ ਉਸਦੇ ਨਿੱਜੀ ਉਦੇਸ਼ ਅਨੁਸਾਰ ਸ਼ਾਸਨ ਚੱਲਦਾ ਹੈ।

II. ਸੰਵਿਧਾਨ ਦੀ ਸਰਵ-ਉੱਚਤਾ ਤੋਂ ਕੀ ਅਰਥ ਹੈ?

ਉੱਤਰ:- ਸੰਵਿਧਾਨ ਦੀ ਸਰਵ-ਉੱਚਤਾ ਤੋਂ ਭਾਵ ਸੰਘਾਤਮਕ ਸਰਕਾਰ ਵਿੱਚ ਸੰਵਿਧਾਨ ਦੇਸ਼ ਦਾ ਸਰਵ ਉੱਚ ਕਨੂੰਨ ਹੁੰਦਾ ਹੈ ਇਸ ਵਿੱਚ ਕੇਂਦਰੀ ਸਰਕਾਰ ਅਤੇ ਰਾਜ ਸੂਬਿਆਂ ਜਾਂ ਪ੍ਰਾਂਤਾਂ ਦੀਆਂ ਸਰਕਾਰਾਂ ਦੇ ਸੰਵਿਧਾਨ ਦੇ ਅਨੁਸਾਰ ਚਲਣਾ ਹੁੰਦਾ ਹੈ ਸੰਵਿਧਾਨ ਦੇ ਵਿਰੁੱਧ ਕੀਤੇ ਗਏ ਕੰਮਾਂ ਨੂੰ ਨਿਆਪਾਲਿਕਾ ਅਸੰਵਿਧਾਨਿਕ ਐਲਾਨ ਸਕਦੀ ਹੈ।

III. ਪ੍ਰਧਾਨਗੀ ਸਰਕਾਰ ਵਾਲੇ ਚਾਰ ਦੇਸ਼ਾਂ ਦੇ ਨਾਮ ਲਿਖੋ?

ਉੱਤਰ:- ਅਮਰੀਕਾ, ਜਰਮਨੀ, ਫਰਾਂਸ ,ਬਰਾਜੀਲ

IV. ਸੰਸਦੀ ਪ੍ਰਨਾਲੀ ਵਾਲੇ ਚਾਰ ਦੇਸ਼ਾਂ ਦੇ ਨਾਮ ਲਿਖੋ।

ਉੱਤਰ:- ਭਾਰਤ, ਇੰਗਲੈਂਡ, ਕਨੇਡਾ, ਆਸਟਰੇਲੀਆ, ਨਿਊਜ਼ੀਲੈਂਡ

V. ਸਮੂਹਿਕ ਜ਼ਿੰਮੇਵਾਰੀ ਤੋਂ ਤੁਹਾਡਾ ਕੀ ਭਾਵ ਹੈ?

ਉੱਤਰ:- ਸਮੂਹਿਕ ਜਿੰਮੇਵਾਰੀ ਤੋਂ ਭਾਵ ਕਾਰਜ ਪਾਲਿਕਾ ਵਿਧਾਨ ਮੰਡਲ ਪ੍ਰਤੀ ਸਮੂਹਿਕ ਰੂਪ ਵਿੱਚ ਉਤਰਦਾਈ ਹੁੰਦੀ ਹੈ। ਇਸ ਤੋਂ ਭਾਵ ਕਿ ਕਿਸੇ ਮੰਤਰੀ ਦੀ ਨਿੱਜੀ ਨੀਤੀ ਨਹੀਂ ਹੁੰਦੀ ਸਗੋਂ ਸਮੁੱਚੇ ਮੰਤਰੀ ਮੰਡਲ ਦੀ ਸਾਂਝੀ ਨੀਤੀ ਹੁੰਦੀ ਹੈ ਜਦੋਂ ਮੰਤਰੀ ਮੰਡਲ ਕਿਸੇ ਸਬੰਧੀ ਕੋਈ ਨੀਤੀ ਨਿਸ਼ਚਿਤ ਕਰਦਾ ਹੈ ਤਾਂ ਉਸਦੀ ਜਿੰਮੇਵਾਰੀ ਕੇਵਲ ਸਬੰਧਿਤ ਮੰਤਰੀ ਤੇ ਸਿਰ ਤੇ ਨਹੀਂ ਹੁੰਦੀ ਸਗੋਂ ਸਮੁੱਚਾ ਮੰਤਰੀ ਮੰਡਲ ਉਸ ਲਈ ਜਿੰਮੇਵਾਰ ਹੁੰਦਾ ਹੈ।

3. ਪ੍ਰਸ਼ਨਾਂ ਦਾ ਉੱਤਰ 60 ਤੋਂ 70 ਸ਼ਬਦਾਂ ਵਿੱਚ ਦਿਓ-

I. ਲੋਕਤੰਤਰ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਉ।

ਉੱਤਰ:- ਲੋਕਤੰਤਰ ਦੀਆਂ ਦੋ ਕਿਸਮਾਂ ਹੁੰਦੀਆਂ ਹਨ

ਪ੍ਰਤੱਖ ਲੋਕਤੰਤਰ ਅਤੇ ਅਪ੍ਰਤੱਖ ਲੋਕਤੰਤਰ

1.ਪ੍ਰਤੱਖ ਲੋਕਤੰਤਰ ਤੋਂ ਭਾਵ ਜਦੋਂ ਲੋਕ ਸਿੱਧੇ ਤੌਰ ਤੇ ਸ਼ਾਸਨ ਦੀ ਪ੍ਰਕਿਰਿਆ ਭਾਵ ਸਰਕਾਰ ਬਣਾਉਣ ਵਿੱਚ ਹਿੱਸਾ ਲੈਂਦੇ ਹਨ ਉਹ ਆਪਣੇ ਲਈ ਆਪ ਕਾਨੂੰਨ ਦਾ ਨਿਰਮਾਣ ਕਰਦੇ ਹਨ ਅਤੇ ਸਰਵਜਨਕ ਨੀਤੀਆਂ ਨਿਰਧਾਰਿਤ ਕਰਦੇ ਹਨ।

2.ਅਪ੍ਰਤੱਖ ਲੋਕਤੰਤਰ ਤੋਂ ਭਾਵ ਜਦੋਂ ਲੋਕ ਆਪਣੇ ਪ੍ਰਤੀਨਿਧਾਂ ਦੁਆਰਾ ਸ਼ਾਸਨ ਤੇ ਕੰਟਰੋਲ ਕਰਦੇ ਹਨ ਆਪ ਪ੍ਰਤੱਖ ਰੂਪ ਵਿੱਚ ਸ਼ਾਸਨ ਦੇ ਕੰਮਾਂ ਵਿੱਚ ਭਾਗ ਨਹੀਂ ਲੈਂਦੇ ਉਹਨਾਂ ਦੇ ਪ੍ਰਤੀਨਿਧ ਆਪਣੀ ਸ਼ਕਤੀ ਦੇ ਪ੍ਰਯੋਗ ਲਈ ਜਨਤਾ ਦੇ ਸਾਹਮਣੇ ਜਿੰਮੇਵਾਰ ਰਹਿੰਦੇ ਹਨ

II. ਪ੍ਰਧਾਨਗੀ ਸਰਕਾਰ ਦੀਆਂ ਚਾਰ ਵਿਸ਼ੇਸ਼ਤਾਈਆਂ ਲਿਖੋ।

ਉੱਤਰ:- ਪ੍ਰਧਾਨਗੀ ਸਰਕਾਰ ਦੀਆਂ ਵਿਸ਼ੇਸ਼ਤਾਈਆਂ

1. ਰਾਜ ਦਾ ਮੁਖੀ ਅਸਲੀ ਮੁਖੀ ਹੁੰਦਾ ਹੈ ਇਸ ਵਿੱਚ ਨਾ- ਮਾਤਰ ਅਤੇ ਅਸਲੀ ਕਾਰਜਪਾਲਿਕਾ ਵਿੱਚ ਕੋਈ ਅੰਤਰ ਨਹੀਂ ਹੁੰਦਾ ਰਾਜ ਦਾ ਮੁਖੀ ਅਸਲੀ ਮੁਖੀ ਹੀ ਹੁੰਦਾ ਹੈ।

2. ਕਾਰਜ ਪਾਲਿਕਾ ਦਾ ਨਿਸ਼ਚਿਤ ਕਾਰਜਕਾਲ ਪ੍ਰਧਾਨਗੀ ਸਰਕਾਰ ਵਿੱਚ ਕਾਰਜ ਪਾਲਕਾਂ ਨੂੰ ਨਿਸ਼ਚਿਤ ਸਮੇਂ ਲਈ ਚੁਣਿਆ ਜਾਂਦਾ ਹੈ।

3. ਕਾਰਜ ਪਾਲਿਕਾ ਤੇ ਵਿਧਾਨ ਪਾਲਿਕਾ ਵਿੱਚ ਸ਼ਕਤੀਆਂ ਦੀ ਵੰਡ ਕੀਤੀ ਗਈ ਹੁੰਦੀ ਹੈ।

4. ਕਾਰਜ ਪਾਲਿਕਾ ਵਿਧਾਨ ਪਾਲਿਕਾ ਨੂੰ ਭੰਗ ਨਹੀਂ ਕਰ ਸਕਦੀ

III. ਸੰਘ ਦੀਆਂ ਕਿਸਮਾਂ ਦਾ ਵਰਣਨ ਕਰੋ।

ਉੱਤਰ:- ਸੰਘ ਦੀਆਂ ਦੋ ਕਿਸਮਾਂ ਹੁੰਦੀਆਂ ਹਨ

1.ਮਿਲ ਕੇ ਬਣੇ ਸੰਘ ਜਾਂ ਕੇਂਦਰ ਮੁਖੀ ਸੰਘ:- ਇਸ ਵਿੱਚ ਕੁਝ ਸੁਤੰਤਰ ਰਾਜ ਮਿਲ ਕੇ ਇਕ ਨਵੇਂ ਰਾਜ ਦਾ ਗਠਨ ਕਰਦੇ ਹਨ ਪ੍ਰਭੂ ਸੱਤਾ ਕੇਂਦਰੀ ਸਰਕਾਰ ਕੋਲ ਹੁੰਦੀ ਹੈ। ਜਿਵੇਂ ਸੰਯੁਕਤ ਰਾਜ ਅਮਰੀਕਾ ਅਤੇ ਸਵਿਟਜਰਲੈਂਡ ਵਿੱਚ

2.ਦੂਸਰਾ ਕੇਂਦਰ ਦੁਆਰਾ ਬਣਾਏ ਗਏ ਸੰਘ:- ਇਸ ਵਿੱਚ ਕੋਈ ਵੱਡਾ ਦੇਸ਼ ਮਹਿਸੂਸ ਕਰੇ ਤਾਂ ਸਾਰੇ ਸੂਬਿਆਂ ਦਾ ਇੱਕ ਕੇਂਦਰੀ ਸਰਕਾਰ ਵੱਲੋਂ ਹੀ ਰਾਜ ਪ੍ਰਬੰਧ ਚਲਾਉਣਾ ਜਾਇਜ਼ ਨਹੀਂ ਤਾਂ ਉਹ ਵੱਡੇ ਦੇਸ਼ ਨੂੰ ਪ੍ਰਾਂਤਕ ਇਕਾਈਆਂ ਵਿੱਚ ਵੰਡ ਦਿੰਦਾ ਹੈ। ਸੰਘ ਅਤੇ ਸੂਬਿਆਂ ਦਾ ਅਧਿਕਾਰ ਸੰਵਿਧਾਨ ਅਨੁਸਾਰ ਵੰਡਿਆ ਜਾਂਦਾ ਹੈ ਜਿਵੇਂ ਕਨੇਡਾ, ਬ੍ਰਾਜ਼ੀਲ ਅਤੇ ਭਾਰਤ

IV. ਇਕਾਤਮਕ ਅਤੇ ਸੰਘਾਤਮਕ ਸਰਕਾਰ ਵਿਚਕਾਰ ਕੋਈ ਚਾਰ ਅੰਤਰ ਲਿਖੋ।

ਉੱਤਰ:- ਇਕਾਤਮਕ ਅਤੇ ਸੰਘਾਤਮਕ ਸਰਕਾਰ ਵਿੱਚ ਚਾਰ ਅੰਤਰ ਹੇਠ ਲਿਖੇ ਅਨੁਸਾਰ ਹਨ

1. ਇਕਾਤਮਕ ਸਰਕਾਰ ਵਿੱਚ ਇਕਹਿਰੀ ਸਰਕਾਰ ਹੁੰਦੀ ਹੈ ਜਦੋਂ ਕਿ ਸੰਘਾਤਮਕ ਸਰਕਾਰ ਵਿੱਚ ਇੱਕ ਕੇਂਦਰੀ ਅਤੇ ਦੂਜੀ ਪ੍ਰਾਂਤਾਂ ਦੀਆਂ ਸਰਕਾਰਾਂ ਹੁੰਦੀਆਂ ਹਨ

2. ਇਕਾਤਮਕ ਸਰਕਾਰ ਵਿੱਚ ਸ਼ਕਤੀਆਂ ਦਾ ਕੇਂਦਰੀਕਰਨ ਹੁੰਦਾ ਹੈ ਸੰਘਾਤਮਕ ਸਰਕਾਰ ਵਿੱਚ ਸ਼ਕਤੀਆਂ ਕੇਂਦਰ ਅਤੇ ਸੂਬਿਆਂ ਵਿਚਕਾਰ ਵੰਡੀਆਂ ਹੁੰਦੀਆਂ ਹਨ

3. ਇਕਾਤਮਕ ਸਰਕਾਰ ਵਿੱਚ ਲੋਕਾਂ ਨੂੰ ਇਕਹਿਰੀ ਨਾਗਰਿਕਤਾ ਪ੍ਰਾਪਤ ਹੁੰਦੀ ਹੈ ਜਦੋਂ ਕਿ ਸੰਘਾਤਮਕ ਸਰਕਾਰ ਵਿੱਚ ਦੋਹਰੀ ਨਾਗਰਿਕਤਾ ਪ੍ਰਾਪਤ ਹੁੰਦੀ ਹੈ

4. ਇਕਾਤਮਕ ਸਰਕਾਰ ਵਿੱਚ ਸੰਵਿਧਾਨ ਲਿਖਤੀ ਵੀ ਹੋ ਸਕਦਾ ਹੈ ਅਤੇ ਲਿਖਤੀ ਵੀ ਜਦੋਂ ਕਿ ਸੰਘਾਤਮਕ ਸਰਕਾਰ ਵਿੱਚ ਸੰਵਿਧਾਨ ਲਿਖਤੀ ਹੁੰਦਾ ਹੈ

V. ਲੋਕਤੰਤਰ ਸ਼ਬਦ ਦੀ ਉੱਤਪਤੀ ਬਾਰੇ ਦੱਸੋ ਅਤੇ ਇਸਦੀ ਕੋਈ ਇਕ ਪਰਿਭਾਸ਼ਾ ਲਿਖੋ।

ਉੱਤਰ:- ਲੋਕਤੰਤਰ ਦਾ ਅਸਲ ਰੂਪ ਵਿੱਚ ਅਰਥ ਲੋਕਾਂ ਦਾ ਸ਼ਾਸਨ ਹੈ ਇਸ ਵਿੱਚ ਸਰਵ ਉੱਚ ਸ਼ਕਤੀ ਲੋਕਾਂ ਦੇ ਹੱਥਾਂ ਵਿੱਚ ਹੁੰਦੀ ਹੈ। ਲੋਕਤੰਤਰ ਅੰਗਰੇਜੀ ਭਾਸ਼ਾ ਦੇ ਸ਼ਬਦ ਡੈਮੋਕਰੇਸੀ (DEMOCRACY) ਦਾ ਪੰਜਾਬੀ ਅਨੁਵਾਦ ਹੈ ਜਿਸ ਦਾ ਜਨਮ ਯੂਨਾਨੀ ਭਾਸ਼ਾ ਦੇ ਸ਼ਬਦ ਡੀਮੌਸ ਜਿਸਦਾ ਅਰਥ ਹੈ **ਲੋਕ** ਅਤੇ ਕ੍ਰੀਏਟ ਜਿਸ ਦਾ ਅਰਥ ਹੈ **ਸ਼ਕਤੀ** ਦੇ ਸਮੇਲ ਤੋਂ ਬਣਿਆ ਹੈ। ਭਾਵ ਲੋਕਤੰਤਰ ਅਜਿਹੀ ਸਰਕਾਰ ਜਿਸ ਵਿੱਚ ਲੋਕ ਖੁਦ ਜਾਂ ਆਪਣੇ ਪ੍ਰਤੀਨਿਧਾਂ ਦੁਆਰਾ ਸ਼ਾਸਨ ਕਰਦੇ ਹਨ ਇਬਰਾਹੀਮ ਲਿੰਕਨ ਦੇ ਅਨੁਸਾਰ 'ਲੋਕਾਂ ਲੋਕਤੰਤਰ ਲੋਕਾਂ ਰਾਹੀਂ, ਲੋਕਾਂ ਲਈ, ਅਤੇ ਲੋਕਾਂ ਦੀ ਸਰਕਾਰ"

4. ਪ੍ਰਸ਼ਨਾਂ ਦਾ ਉੱਤਰ 10 ਤੋਂ 15 ਸਤਰਾਂ ਵਿੱਚ ਦਿਓ—

I. ਲੋਕਤੰਤਰ ਤੋਂ ਕੀ ਭਾਵ ਹੈ? ਇਸਦੀਆਂ ਕੋਈ ਛੇ ਵਿਸ਼ੇਸ਼ਤਾਵਾਂ ਲਿਖੋ?

ਉੱਤਰ:- ਲੋਕਤੰਤਰ ਤੋਂ ਭਾਵ ਜਦੋਂ ਸੱਤਾ ਦੀ ਵਾਗਡੋਰ ਲੋਕਾਂ ਦੇ ਹੱਥਾਂ ਵਿੱਚ ਜਾਂ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਦੇ ਵਿੱਚ ਹੱਥਾਂ ਵਿੱਚ ਹੋਵੇ ਤਾਂ ਉਸਨੂੰ ਲੋਕਤੰਤਰ ਕਿਹਾ ਜਾਂਦਾ ਹੈ ਲੋਕਤੰਤਰ ਸਧਾਰਨ ਵਿੱਚ ਲੋਕਾਂ ਦਾ ਸ਼ਾਸਨ ਹੈ ਇਸ ਸਰਵਉੱਚ ਸ਼ਕਤੀ ਲੋਕਾਂ ਕੋਲ ਹੁੰਦੀ ਹੈ ਲੋਕਤੰਤਰ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਡੈਮੋਕਰੇਸੀ(DEMOCRACY) ਦਾ ਪੰਜਾਬੀ ਅਨੁਵਾਦ ਹੈ ਜਿਸ ਦਾ ਜਨਮ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ ਡਿਮੋਸ ਅਤੇ ਕ੍ਰੀਏਟ ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ ਲੋਕਾਂ ਦੀ ਸ਼ਕਤੀ ਭਾਵ ਅਜਿਹੀ ਸਰਕਾਰ ਜਿਸ ਵਿੱਚ ਲੋਕ ਖੁਦ ਜਾਂ ਆਪਣੇ ਪ੍ਰਤੀਨਿਧਾਂ ਦੁਆਰਾ ਸ਼ਾਸਨ ਕਰਦੇ ਹਾਂ ਲਾਰਡ ਬਰਾਈਸ ਦੇ ਅਨੁਸਾਰ "ਲੋਕਤੰਤਰ ਤੰਤਰ ਦਾ ਉਹ ਰੂਪ ਹੈ, ਜਿਸ ਵਿੱਚ ਸਰਕਾਰ ਕਿਸੇ ਵਿਸ਼ੇਸ਼ ਵਰਗ ਜਾਂ ਵਰਗਾਂ ਦੇ ਹੱਥਾਂ ਵਿੱਚ ਨਹੀਂ ਹੁੰਦੀ ਸਗੋਂ ਸਮਾਜ ਦੇ ਸਾਰੇ ਮੈਂਬਰਾਂ ਦੇ ਹੱਥਾਂ ਵਿੱਚ ਹੁੰਦੀ ਹੈ।"

ਲੋਕਤੰਤਰ ਦੀਆਂ ਵਿਸ਼ੇਸ਼ਤਾਈਆਂ

1.ਸਮਾਨਤਾ:- ਸਮਾਨਤਾ ਲੋਕਤੰਤਰ ਦਾ ਮੂਲ ਆਧਾਰ ਹੈ। ਇਹ ਸ਼ਾਸਨ ਪ੍ਰਣਾਲੀ ਵਿੱਚ ਨਾਗਰਿਕਾਂ ਨੂੰ ਸਮਾਜਿਕ ਰਾਜਨੀਤਿਕ ਅਤੇ ਕਾਨੂੰਨੀ ਪੱਖ ਤੋਂ ਸਮਾਨ ਸਮਝਿਆ ਜਾਂਦਾ ਹੈ।

2. ਸੁਤੰਤਰਤਾ :- ਲੋਕਤੰਤਰ ਵਿੱਚ ਸਭ ਵਿਅਕਤੀਆਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਸੰਘ ਬਨਾਉਣ, ਕਿਸੇ ਵੀ ਧਰਮ ਵਿੱਚ ਵਿਸ਼ਵਾਸ ਰੱਖਣ ,ਸਰਕਾਰ ਦੀਆਂ ਗਲਤ ਨੀਤੀਆਂ ਦੀ ਆਲੋਚਨਾ ਕਰਨ ਦੀ ਸੁਤੰਤਰਤਾ ਹੁੰਦੀ ਹੈ।

3. ਸ਼ਕਤੀ ਦਾ ਸੋਮਾ :-ਲੋਕਤੰਤਰ ਵਿੱਚ ਸਰਵਉੱਚ ਸ਼ਕਤੀ ਲੋਕਾਂ ਕੋਲ ਹੁੰਦੀ ਹੈ ਉਹ ਆਪਣੀ ਸ਼ਕਤੀ ਦਾ ਪ੍ਰਯੋਗ ਆਪਣੇ ਪ੍ਰਤੀਨਿਧਾਂ ਰਾਹੀਂ ਕਰਦੇ ਹਨ।

4. ਸੁਤੰਤਰਾ ਤੇ ਨਿਰਪੱਖ ਨੇ ਨਿਆਪਾਲਿਕਾ:- ਲੋਕਤੰਤਰ ਵਿੱਚ ਨਿਆਪਾਲਿਕਾ ਸੁਤੰਤਰ ਅਤੇ ਨਿਰਪੱਖ ਹੁੰਦੀ ਹੈ ਅਤੇ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਕਰਦੀ ਹੈ

5.ਸਰਵਜਨਕ ਬਾਲਗ ਮੱਤ ਅਧਿਕਾਰ :-ਹਰ ਬਾਲਗ ਨੂੰ ਵੋਟ ਦਾ ਅਧਿਕਾਰ ਇੱਕ ਨਿਸ਼ਚਿਤ ਉਮਰ ਤੇ ਪ੍ਰਾਪਤ ਹੁੰਦਾ ਹੈ। 6.ਮੌਲਿਕ ਅਧਿਕਾਰ :- ਲੋਕਤੰਤਰ ਵੀ ਸ਼ਾਸਨ ਪ੍ਰਣਾਲੀ ਵਿੱਚ ਲੋਕਾਂ ਨੂੰ ਸਮਾਜਿਕ ,ਸਭਿਆਚਾਰ ਅਤੇ ਆਰਥਿਕ ਅਧਿਕਾਰ ਪ੍ਰਾਪਤ ਹੁੰਦੇ ਹਨ

II. ਲੋਕਤੰਤਰ ਅਤੇ ਤਾਨਾਸ਼ਾਹੀ ਵਿਚਾਲੇ ਕੋਈ ਛੇ ਅੰਤਰ ਲਿਖੋ?

ਉੱਤਰ:- ਲੋਕਤੰਤਰ ਅਤੇ ਦਾਨਾਸ਼ਾਹੀ ਵਿਚਕਾਰ ਅੰਤਰ ਹੇਠ ਲਿਖੇ ਅਨੁਸਾਰ ਹਨ :-

1. ਲੋਕਤੰਤਰ ਵਿੱਚ ਸਰਵਉੱਚ ਸ਼ਕਤੀ ਲੋਕਾਂ ਕੋਲ ਹੁੰਦੀ ਹੈ ਜਦੋਂ ਕਿ ਤਾਨਾਸ਼ਾਹੀ ਵਿੱਚ ਇਹ ਸ਼ਕਤੀ ਤਾਕਤ ਨਾਲ ਪ੍ਰਾਪਤ ਕੀਤੀ ਹੁੰਦੀ ਹੈ। ਉਹ ਉਹਨਾਂ ਚਿਰ ਤੱਕ ਆਪਣੇ ਅਹੁਦੇ ਤੇ ਰੱਖ ਰਹਿੰਦਾ ਹੈ ਜਿਹਦਾ ਜਿੰਨਾ ਚਿਰ ਤੱਕ ਉਸਦਾ ਸ਼ਕਤੀ ਤੇ ਕੰਟਰੋਲ ਰਹਿੰਦਾ ਹੈ
2. ਲੋਕਤੰਤਰ ਵਿੱਚ ਸਰਕਾਰ ਦੀਆਂ ਸ਼ਕਤੀਆਂ ਸੀਮਤ ਹੁੰਦੀਆਂ ਹਨ ਉਸ ਉੱਤੇ ਸੰਵਿਧਾਨ ਲੋਕਮੱਤ ਅਤੇ ਕਾਨੂੰਨ ਅਨੇਕਾਂ ਰੋਕਾਂ ਲੱਗੀਆਂ ਹੁੰਦੀਆਂ ਹਨ ਜਦੋਂ ਕਿ ਤਾਨਾਸ਼ਾਹੀ ਵਿੱਚ ਸਰਕਾਰ ਦੀਆਂ ਸ਼ਕਤੀਆਂ ਤੇ ਕੋਈ ਰੋਕ ਨਹੀਂ ਹੁੰਦੀ ਤਾਨਾਸ਼ਾਹੀ ਆਪਣੀ ਮਰਜ਼ੀ ਅਨੁਸਾਰ ਸ਼ਕਤੀਆਂ ਦਾ ਪ੍ਰਯੋਗ ਕਰਦਾ ਹੈ।
3. ਲੋਕਤੰਤਰ ਵਿੱਚ ਸਰਕਾਰ ਆਪਣੇ ਕੰਮਾਂ ਅਤੇ ਨੀਤੀਆਂ ਲਈ ਅੰਤਿਮ ਰੂਪ ਵਿੱਚ ਲੋਕਾਂ ਪ੍ਰਤੀ ਜਿੰਮੇਵਾਰ ਹੁੰਦੀ ਹੈ ਜਦੋਂ ਕਿ ਤਾਨਾਸ਼ਾਹੀ ਗੈਰ ਜਿੰਮੇਵਾਰ ਹੁੰਦਾ ਹੈ ਉਹ ਆਪਣੀਆਂ ਨੀਤੀਆਂ ਅਤੇ ਕੰਮਾਂ ਲਈ ਕਿਸੇ ਦੇ ਪ੍ਰਤੀ ਜਵਾਬਦੇਹ ਨਹੀਂ ਹੁੰਦਾ
4. ਲੋਕਤੰਤਰੀ ਸਰਕਾਰ ਵਿੱਚ ਵਿਅਕਤੀ ਦੇ ਅਧਿਕਾਰਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਜਦੋਂ ਕਿ ਤਾਨਾਸ਼ਾਹੀ ਵਿੱਚ ਅਧਿਕਾਰਾਂ ਦੀ ਬਜਾਏ ਕਰਤੱਵਾਂ ਤੇ ਜਿਆਦਾ ਜੋਰ ਦਿੱਤਾ ਜਾਂਦਾ ਹੈ ਅਧਿਕਾਰਾਂ ਨੂੰ ਕੋਈ ਮਹੱਤਵ ਨਹੀਂ ਦਿੱਤਾ ਜਾਂਦਾ
5. ਲੋਕਤੰਤਰੀ ਸਰਕਾਰ ਵਿੱਚ ਰਾਜਨੀਤਿਕ ਦਲ ਲੋਕਤੰਤਰ ਦੀ ਜਿੰਦ ਜਾਨ ਹੁੰਦੇ ਹਨ ਰਾਜਨੀਤਿਕ ਦਲਾਂ ਤੋਂ ਬਿਨਾਂ ਲੋਕਤੰਤਰ ਦੀ ਕਾਰਜ ਪ੍ਰਣਾਲੀ ਸੰਭਵ ਨਹੀਂ ਜਦੋਂ ਕਿ ਤਾਨਾਸ਼ਾਹੀ ਵਿੱਚ ਰਾਜਨੀਤਿਕ ਦਲਾਂ ਦੀ ਹੋਂਦ ਦੀ ਕੋਈ ਸੰਭਾਵਨਾ ਨਹੀਂ ਹੁੰਦੀ ਇੱਕ ਹੀ ਰਾਜਨੀਤਿਕ ਦਲ ਹੁੰਦਾ ਹੈ
6. ਲੋਕਤੰਤਰੀ ਸਰਕਾਰ ਵਿੱਚ ਲੋਕ ਲੋਕਤੰਤਰੀ ਸਾਧਨਾ ਦੁਆਰਾ ਪਰਿਵਰਤਨ ਲਿਆਂਦੇ ਜਾਣ ਦੇ ਹੱਕ ਵਿੱਚ ਹੁੰਦੇ ਹਨ ਜਦੋਂ ਕਿ ਤਾਨਾਸ਼ਾਹ ਹਿੰਸਾ ਅਤੇ ਯੁੱਧ ਵਿੱਚ ਵਿਸ਼ਵਾਸ ਰੱਖਦੇ ਹਨ।

III. ਸੰਸਦੀ ਅਤੇ ਪ੍ਰਧਾਨਗੀ ਸਰਕਾਰ ਵਿੱਚ ਅੰਤਰ ਲਿਖੋ?

ਉੱਤਰ:- ਸੰਸਦੀ ਅਤੇ ਪ੍ਰਧਾਨਗੀ ਸਰਕਾਰ ਵਿੱਚ ਅੰਤਰ ਲਿਖੇ ਅਨੁਸਾਰ ਹੈ:-

1. ਸੰਸਦੀ ਸਰਕਾਰ ਵਿੱਚ ਦੇਸ਼ ਦਾ ਮੁੱਖੀ ਨਾ ਮਾਤਰ ਦਾ ਮੁਖੀ ਹੁੰਦਾ ਹੈ ਸ਼ਕਤੀਆਂ ਦੀ ਵਰਤੋਂ ਆਪਣੇ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਕਰਦਾ ਹੈ ਜਦੋਂ ਕਿ ਪ੍ਰਧਾਨਗੀ ਸਰਕਾਰ ਵਿੱਚ ਮੁੱਖ ਕਾਰਜਕਾਰੀ ਮੁਖੀ ਅਸਲੀ ਕਾਰਜਕਾਰੀ ਮੁਖੀ ਹੁੰਦਾ ਹੈ ਤੇ ਉਹ ਸ਼ਕਤੀਆਂ ਦਾ ਪ੍ਰਯੋਗ ਆਪ ਹੀ ਕਰਦਾ ਹੈ।
2. ਸੰਸਦੀ ਸਰਕਾਰ ਵਿੱਚ ਕਾਰਜ ਪਾਲਿਕਾ ਅਤੇ ਵਿਧਾਨ ਪਾਲਿਕਾ ਵਿਚਕਾਰ ਗੂੜੇ ਸੰਬੰਧ ਹੁੰਦੇ ਹਨ ਜਦੋਂ ਕਿ ਪ੍ਰਧਾਨਗੀ ਸਰਕਾਰ ਵਿੱਚ ਕਾਰਜ ਪਾਲਿਕਾ ਵਿਧਾਨ ਪਾਲਿਕਾ ਵਿਚਕਾਰ ਗੂੜੇ ਸੰਬੰਧ ਨਹੀਂ ਹੁੰਦੇ ਸਨ
3. ਸੰਸਦੀ ਸਰਕਾਰ ਵਿੱਚ ਸ਼ਾਸਨ ਦੀਆਂ ਸਾਰੀਆਂ ਸ਼ਕਤੀਆਂ ਅਸਲ ਵਿੱਚ ਮੰਤਰੀ ਮੰਡਲ ਕੋਲ ਹੁੰਦੀਆਂ ਹਨ ਜਦੋਂ ਕਿ ਪ੍ਰਧਾਨਗੀ ਸਰਕਾਰ ਵਿੱਚ ਮੰਤਰੀ ਮੰਡਲ ਦੀ ਭੂਮਿਕਾ ਪ੍ਰਭਾਵਕਾਰੀ ਨਹੀਂ ਹੁੰਦੀ
4. ਸੰਸਦੀ ਸਰਕਾਰ ਵਿੱਚ ਕਾਰਜ ਪਾਲਿਕਾ ਵਿਧਾਨ ਪਾਲਿਕਾ ਸਾਹਮਣੇ ਜਵਾਬਦੇਹ ਹੁੰਦੀ ਹੈ। ਜਦੋਂ ਕਿ ਪ੍ਰਧਾਨਗੀ ਸਰਕਾਰ ਵਿੱਚ ਕਾਰਜ ਪਾਲਿਕਾ ਦੇ ਮੈਂਬਰ ਮੁੱਖ ਕਾਰਜਪਾਲ ਕਾਰਜਕਾਰੀ ਮੁਖੀ ਦੇ ਸਾਹਮਣੇ ਜਵਾਬ ਦੇ ਹਨ
5. ਸੰਸਦੀ ਸਰਕਾਰ ਵਿੱਚ ਮੰਤਰੀ ਮੰਡਲ ਦੇ ਸਾਰੇ ਮੈਂਬਰ ਇਕੱਠੇ ਹੋ ਕੇ ਸਰਕਾਰ ਦੀਆਂ ਨੀਤੀਆਂ ਦਾ ਸਮਰਥਨ ਕਰਦੇ ਹਨ ਜਦੋਂ ਕਿ ਪ੍ਰਧਾਨਗੀ ਸਰਕਾਰ ਵਿੱਚ ਹਰ ਮੰਤਰੀ ਦੀ ਵਿਅਕਤੀਗਤ ਜਿੰਮੇਵਾਰੀ ਹੁੰਦੀ ਹੈ
6. ਸੰਸਦੀ ਸਰਕਾਰ ਵਿੱਚ ਵਿਧਾਨ ਪਾਲਿਕਾ ਨੂੰ ਅਸਲੀ ਮੁਖੀ ਉਸ ਦਾ ਕਾਰਜਕਾਲ ਖਤਮ ਹੋਣ ਤੋਂ ਪਹਿਲਾਂ ਭੰਗ ਕਰ ਸਕਦਾ ਹੈ ਜਦੋਂ ਕਿ ਪ੍ਰਧਾਨਗੀ ਸਰਕਾਰ ਵਿੱਚ ਹੇਠਲੇ ਸਦਨ ਨੂੰ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਭੰਗ ਨਹੀਂ ਕੀਤਾ ਜਾ ਸਕਦਾ।

IV. ਇਕਾਤਮਕ ਅਤੇ ਸੰਘਾਤਮਕ ਸਰਕਾਰ ਵਿੱਚ ਅੰਤਰ ਸਪਸ਼ਟ ਕਰੋ।

ਉੱਤਰ:- ਇਕਾਤਮਕ ਅਤੇ ਸੰਘਾਤਮਕ ਸਰਕਾਰ ਵਿੱਚ ਅੰਤਰ ਹੇਠ ਲਿਖੇ ਅਨੁਸਾਰ ਹਨ:-

1. ਇਕਾਤਮਕ ਸਰਕਾਰ ਸਾਰੇ ਦੇਸ਼ ਲਈ ਇਕਹਿਰੀ ਸਰਕਾਰ ਹੁੰਦੀ ਹੈ ਜਦੋਂ ਕਿ ਸੰਘਾਤਮਕ ਸਰਕਾਰ ਵਿੱਚ ਇੱਕ ਕੇਂਦਰ ਸਰਕਾਰ ਅਤੇ ਦੂਜੀ ਪ੍ਰਾਂਤਾਂ ਦੀਆਂ ਸਰਕਾਰਾਂ ਦੋ ਸਰਕਾਰਾਂ ਕੰਮ ਕਰਦੀਆਂ ਹਨ
2. ਇਕਾਤਮਕ ਸਰਕਾਰ ਵਿੱਚ ਸ਼ਕਤੀਆਂ ਦਾ ਕੇਂਦਰੀਕਰਨ ਹੁੰਦਾ ਹੈ ਸਾਰੀਆਂ ਸ਼ਕਤੀਆਂ ਕੇਂਦਰੀ ਸਰਕਾਰ ਦੇ ਕੋਲ ਹੁੰਦੀਆਂ ਹਨ ਜਦੋਂ ਕਿ ਸੰਘਾਤਮਕ ਸਰਕਾਰ ਵਿੱਚ ਸੰਵਿਧਾਨਿਕ ਆਧਾਰ ਤੇ ਕੇਂਦਰ ਅਤੇ ਰਾਜਾਂ ਵਿੱਚ ਸ਼ਕਤੀਆਂ ਦੀ ਵੰਡ ਹੁੰਦੀ ਹੈ
3. ਇਕਾਤਮਕ ਸਰਕਾਰ ਵਿੱਚ ਸੰਵਿਧਾਨ ਲਿਖਤੀ ਹੋ ਸਕਦਾ ਹੈ ਅਤੇ ਅਲਿਖਤੀ ਵੀ ਜਿਵੇਂ ਫਰਾਂਸ ਦਾ ਸੰਵਿਧਾਨ ਲਿਖਤੀ ਹੈ ਤੇ ਇਹ ਇੰਗਲੈਂਡ ਦਾ ਅਲਿਖਤੀ ਜਦੋਂ ਕਿ ਸੰਘਾਤਮਕ ਸਰਕਾਰ ਵਿੱਚ ਸੰਵਿਧਾਨ ਹਮੇਸ਼ਾ ਲਿਖਤੀ ਹੁੰਦਾ ਹੈ।
4. ਇਕਾਤਮਕ ਸਰਕਾਰ ਵਿੱਚ ਸੰਵਿਧਾਨ ਦੀ ਸੋਧ ਵਿਧੀ ਸਰਲ ਹੁੰਦੀ ਹੈ। ਅਤੇ ਕੇਂਦਰੀ ਵਿਧਾਨ ਮੰਡਲ ਨਾਲ ਆਸਾਨੀ ਨਾਲ ਬਦਲ ਸਕਦਾ ਹੈ। ਜਦੋਂ ਕਿ ਸੰਘਾਤਮਕ ਸਰਕਾਰ ਵਿੱਚ ਸੰਵਿਧਾਨ ਸੋਧ ਦੀ ਵਿਧੀ ਕਾਫੀ ਕਠੋਰ ਹੁੰਦੀ ਹੈ।
5. ਇਕਾਤਮਕ ਸਰਕਾਰ ਵਿੱਚ ਵਿਧਾਨ ਪਾਲਿਕਾ ਸਰਵਉੱਚ ਹੁੰਦੀ ਹੈ ਵਿਧਾਨ ਪਾਲਿਕਾ ਦੁਆਰਾ ਪਾਸ ਕੀਤੇ ਕਾਨੂੰਨ ਆਮ ਤੌਰ ਤੇ ਨਿਆਂਪਾਲਿਕਾ ਅਵੈਦ ਕਰਾਰ ਨਹੀਂ ਦੇ ਸਕਦੀ ਜਦੋਂ ਕਿ ਸੰਘਾਤਮਕ ਸਰਕਾਰ ਵਿੱਚ ਨਿਆਂਪਾਲਿਕਾ ਸਰਵ ਉੱਚ ਹੁੰਦੀ ਹੈ ਅਤੇ ਨਿਆਂਪਾਲਿਕਾ ਕੇਂਦਰ ਅਤੇ ਸੂਬਿਆਂ ਵਿਧਾਨ ਮੰਡਲਾਂ ਦੁਆਰਾ ਪਾਸ ਕੀਤੀ ਗਈ ਕਾਨੂੰਨਾਂ ਨੂੰ ਅਵੈਦ ਕਰਾਰ ਦੇ ਸਕਦੀ ਹੈ।
6. ਇਕਾਤਮਕ ਸਰਕਾਰ ਵਿੱਚ ਲੋਕਾਂ ਨੂੰ ਇਕਹਿਰੀ ਨਾਗਰਿਕਤਾ ਪ੍ਰਾਪਤ ਹੁੰਦੀ ਹੈ ਜਦੋਂ ਕਿ ਸੰਘਾਤਮਕ ਸਰਕਾਰ ਵਿੱਚ ਅਕਸਰ ਲੋਕਾਂ ਨੂੰ ਦੋਹਰੀ ਨਾਗਰਿਕਤਾ ਮਿਲਦੀ ਹੈ
7. ਇਕਾਤਮਕ ਸਰਕਾਰ ਸੰਕਟ ਕਾਲ ਵਿੱਚ ਮਜਬੂਤ ਸਰਕਾਰ ਹੈ ਕਿਉਂਕਿ ਸੰਕਟ ਕਾਲ ਸਮੇਂ ਫੈਸਲੇ ਜਲਦੀ ਇਕ ਕੇਂਦਰੀ ਸਰਕਾਰ ਦੁਆਰਾ ਲਏ ਜਾਂਦੇ ਹਨ। ਜਦੋਂ ਕਿ ਸੰਘਾਤਮਕ ਸਰਕਾਰ ਸੰਕਟ ਕਾਲ ਵੇਲੇ ਕਮਜ਼ੋਰ ਸਰਕਾਰ ਹੈ ਕਿਉਂਕਿ ਕੇਂਦਰਾਂ ਤੇ ਰਾਜਾਂ ਦੀਆਂ ਦੋ ਸਰਕਾਰਾਂ ਹੋਣ ਕਰਕੇ ਫੈਸਲੇ ਲੈਣ ਵਿੱਚ ਦੇਰੀ ਹੋ ਜਾਂਦੀ ਹੈ।

# ਪਾਠ - 16. ਕੇਂਦਰੀ ਸਰਕਾਰ ਅਤੇ ਕੇਂਦਰੀ ਕਾਰਜਪਾਲਿਕਾ

ਅਭਿਆਸ (Exercise)

1. ਇਨ੍ਹਾਂ ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ-

(ੳ) ਰਾਸ਼ਟਰਪਤੀ ਸ਼ਾਸਨ ਰਾਜ ਵਿੱਚ ਕਿਹੜੇ ਅਨੁਛੇਦ ਰਾਹੀਂ ਲਾਗੂ ਕੀਤਾ ਜਾ ਸਕਦਾ ਹੈ।

(i) **ਅਨੁਛੇਦ-356 ਰਾਹੀਂ**

(ii) ਅਨੁਛੇਦ-352 ਰਾਹੀਂ

(iii) ਅਨੁਛੇਦ-365 ਰਾਹੀਂ

(iv) ਅਨੁਛੇਦ-360 ਰਾਹੀਂ

(ਅ) ਰਾਸ਼ਟਰਪਤੀ ਦੀ ਚੋਣ ਕਿਸ ਦੁਆਰਾ ਕੀਤੀ ਜਾਂਦੀ ਹੈ?

(i) **ਚੋਣ ਮੰਡਲ ਦੁਆਰਾ**

(ii) ਸੰਸਦ ਦੁਆਰਾ

(iii) ਰਾਜਪਾਲਾਂ ਦੁਆਰਾ

(iv) ਮੁੱਖ ਮੰਤਰੀਆਂ ਦੁਆਰਾ

(ੲ) ਸੰਘੀ ਮੰਤਰੀ ਪ੍ਰੀਸ਼ਦ ਦੀ ਨਿਯੁਕਤੀ ਕਿਸ ਦੁਆਰਾ ਕੀਤੀ ਜਾਂਦੀ ਹੈ?

(1) **ਰਾਸ਼ਟਰਪਤੀ**

(ii) ਉਪ-ਰਾਸ਼ਟਰਪਤੀ

(iii) ਸਰਵਉੱਚ ਅਦਾਲਤ ਦੇ ਮੁੱਖ ਜੱਜ

(iv) ਪ੍ਰਧਾਨਮੰਤਰੀ

(ਸ) ਸੰਘੀ ਸੰਸਦ ਦਾ ਇੱਕ ਮੁੱਖ ਅੰਗ. ਹੁੰਦਾ ਹੈ?

(i) **<u>ਰਾਸ਼ਟਰਪਤੀ</u>**

(ii) ਉਪ-ਰਾਸ਼ਟਰਪਤ

(iii) ਭਾਰਤ ਦਾ ਮੁੱਖ ਜੱਜ

(iv) ਪ੍ਰਧਾਨ ਮੰਤਰੀ

(ਹ) ਸੰਘੀ ਮੰਤਰੀ ਪਰਿਸ਼ਦ ਵਿਵਸਥਾ ਕਿਹੜੇ ਅਨੁਛੇਦ ਵਿੱਚ ਹੈ?

(i) ਅਨੁਛੇਦ -55

(ii) ਅਨੁਛੇਦ -82

(iii) ਅਨੁਛੇਦ -78

(iv) **<u>ਅਨੁਛੇਦ -74</u>**

(ਕ) ਰਾਸ਼ਟਰਪਤੀ ਦੀਆਂ ਯੋਗਤਾਵਾਂ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜੀ ਸ਼ਾਮਲ ਨਹੀਂ ਹੈ?

(i) ਉਸ ਦੀ ਉਮਰ 35 ਸਾਲ ਪੂਰੀ ਹੋਵੇ

(ii) **<u>ਉਹ ਸੰਸਦ ਦਾ ਮੈਂਬਰ ਹੋਵੇ</u>**

(iii) ਸਰਵਜਨਕ ਪਦਵੀ ਤੇ ਨਾ ਹੋਵੇ

(iv) ਲੋਕ ਸਭਾ ਦਾ ਮੈਂਬਰ ਬਣਨ ਦੀ ਯੋਗਤਾ ਰੱਖਦਾ ਹੋਵੇ

(ਖ) ਕੇਂਦਰੀ ਕਾਰਜਪਾਲਿਕਾ ਵਿੱਚ ਕੌਣ ਕੌਣ ਸ਼ਾਮਲ ਹੁੰਦਾ ਹੈ-

(i) ਰਾਸ਼ਟਰਪਤੀ

(ii) ਉਪ-ਰਾਸ਼ਟਰਪਤੀ

(iii) ਪ੍ਰਧਾਨ ਮੰਤਰੀ ਅਤੇ ਮੰਤਰੀ ਪ੍ਰੀਸ਼ਦ

(iv) **ਉਪਰੋਕਤ ਸਾਰੇ**

(ਸ) ਰਾਸ਼ਟਰਪਤੀ ਦੀ ਚੋਣ ਲਈ ਚੋਣ ਮੰਡਲ ਵਿੱਚ ਕੌਣ ਸ਼ਾਮਲ ਨਹੀਂ ਹੁੰਦਾ ਹੈ—

(i) ਸੰਸਦ ਦੇ ਦੋਨਾਂ ਸਦਨਾਂ ਦੇ ਚੁਣੇ ਹੋਏ ਮੈਂਬਰ

(ii) ਸੂਬਾਈ ਵਿਧਾਨ ਸਭਾਵਾਂ ਦੇ ਚੁਣੇ ਹੋਏ ਮੈਂਬਰ

(iii) ਦਿੱਲੀ ਤੇ ਪੁਡੂਚੇਰੀ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਦੀਆਂ ਵਿਧਾਨਸਭਾ ਦੇ ਚੁਣੇ ਹੋਏ ਮੈਂਬਰ

(ਵਿ) **ਰਾਜਸਭਾ ਦੇ ਨਾਮਜ਼ਦ ਮੈਂਬਰ।**
੨. ਹੇਠ ਲਿਖੇ ਪ੍ਰਸ਼ਨਾਂ ਦੇ ਉਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ-

(ੳ) ਪ੍ਰਧਾਨ ਮੰਤਰੀ ਦੀ ਨਿਯੁਕਤੀ **ਰਾਸ਼ਟਰਪਤੀ** ਕਰਦਾ ਹੈ।

(ਅ) ਸੰਘੀ ਮੰਤਰੀ ਪਰਿਸ਼ਦ ਦਾ ਮੁੱਖੀ **ਪ੍ਰਧਾਨ ਮੰਤਰੀ** ਹੁੰਦਾ ਹੈ।

(ੲ) ਰਾਸ਼ਟਰਪਤੀ ਰਾਜ ਸਭਾ ਵਿੱਚ **12** ਮੈਂਬਰ ਨੂੰ ਸਾਹਿਤ, ਵਿਗਿਆਨ, ਕਲਾ ਆਦਿ ਖੇਤਰਾਂ ਵਿੱਚ ਉੱਘੇ ਵਿਅਕਤੀ ਨਾਮਜ਼ਦ ਕਰਦਾ ਹੈ।

(ਸ) ਸੰਸਦ ਦੇ ਸਮਾਗਮ ਨੂੰ **ਰਾਸ਼ਟਰਪਤੀ** ਬੁਲਾਉਂਦਾ ਹੈ।

(ਹ) ਮੰਤਰੀਆਂ ਵਿੱਚ ਮਹਿਕਮਿਆਂ (ਵਿਭਾਗਾਂ ਜਾਂ ਮੰਤਰਾਲਿਆਂ) ਦੀ ਵੰਡ ਕੌਣ ਕਰਦਾ ਹੈ?
ਉਤਰ:- **ਪ੍ਰਧਾਨ ਮੰਤਰੀ**

(ਕ) ਰਾਸ਼ਟਰਪਤੀ ਨੂੰ ਉਸ ਦੇ ਅਹੁਦੇ ਦੀ ਸਹੁੰ ਕੌਣ ਚੁਕਾਉਂਦਾ ਹੈ?
ਉਤਰ:- ਸੁਪਰੀਮ ਕੋਰਟ ਦਾ ਮੁੱਖ ਜੱਜ

(ਖ) ਭਾਰਤ ਦੇ ਚੋਣ ਕਮਿਸ਼ਨ ਦੀ ਨਿਯੁਕਤੀ ਕੌਣ ਕਰਦਾ ਹੈ?

ਉਤਰ:- **<u>ਰਾਸ਼ਟਰਪਤੀ</u>**

(ਗ) ਪ੍ਰਧਾਨ ਮੰਤਰੀ ਆਪਣਾ ਅਸਤੀਫਾ ਕਿਸਨੂੰ ਸੌਂਪਦਾ ਹੈ?
ਉਤਰ:- **<u>ਰਾਸ਼ਟਰਪਤੀ</u>**

(ਘ) 'ਰਾਸ਼ਟਰੀ ਸੰਕਟਕਾਲ ਐਲਾਨ ਕਰਨ ਦੀ ਸ਼ਕਤੀ ਪ੍ਰਧਾਨ ਮੰਤਰੀ ਕੋਲ ਹੁੰਦੀ ਹੈ' ਕਥਨ ਸਹੀ ਹੈ ਜਾਂ ਗਲਤ? **<u>ਗਲਤ</u>**

(ਙ) 'ਰਾਸ਼ਟਰਪਤੀ ਦੀ ਚੋਣ ਵਿੱਚ ਸੂਬਾਈ ਵਿਧਾਨ ਪ੍ਰੀਸ਼ਦ ਦੇ ਮੈਂਬਰ ਸ਼ਾਮਿਲ ਨਹੀਂ ਹੁੰਦੇ ਕਥਨ ਸਹੀ ਹੈ ਜਾਂ ਗਲਤ। **<u>ਸਹੀ</u>**

(ਚ) 'ਰਾਸ਼ਟਰਪਤੀ ਨੂੰ ਭਾਰਤ ਦਾ ਪਹਿਲਾ ਨਾਗਰਿਕ ਕਿਹਾ ਜਾਂਦਾ ਹੈ ਕਥਨ ਸਹੀ ਹੈ ਜਾਂ ਗਲਤ? **<u>ਸਹੀ</u>**

(ਛ) ਰਾਸ਼ਟਰਪਤੀ ਕਿਸੇ ਵੀ ਅਪਰਾਧੀ ਦੀ ਸਜ਼ਾ ਨੂੰ ਮੁਆਫ਼ ਨਹੀਂ ਕਰ ਸਕਦਾ ਕਥਨ ਸਹੀ ਹੈ ਜਾਂ ਗਲਤ? **<u>ਗਲਤ</u>**

(ਜ) ਸੰਵਿਧਾਨਕ ਸੋਧ ਬਿੱਲ 'ਤੇ ਰਾਸ਼ਟਰਪਤੀ ਦਸਤਖਤ ਕਰਨ ਤੋਂ ਮਨ੍ਹਾਂ ਨਹੀਂ ਕਰ ਸਕਦਾ' ਕਥਨ ਸਹੀ ਹੈ ਜਾਂ ਗਲਤ? **<u>ਸਹੀ</u>**

3. ਇਨਾਂ ਪ੍ਰਸ਼ਨਾਂ ਦੇ ਉੱਤਰ 2-4 ਵਾਰਾਂ ਵਿੱਚ ਦਿਓ-

1. ਰਾਸ਼ਟਰਪਤੀ ਦੀ ਚੋਣ ਲਈ ਵਿਧਾਨ ਸਭਾ ਮੈਂਬਰ ਦੀ ਵੋਟ ਕੀਮਤ ਦਾ ਫਾਰਮੂਲਾ ਕੀ ਹੈ?
ਉਤਰ:- ਵਿਧਾਨ ਸਭਾ ਮੈਂਬਰ ਕੀਮਤ ਸਮਾਨ ਰੱਖਣ ਲਈ ਇਕ ਫਾਰਮੂਲਾ ਨਿਸਚਤ ਕੀਤਾ ਗਿਆ ਹੈ ਜੋ ਕਿ ਇਸ ਪ੍ਰਕਾਰ ਹੈ :

$$\text{ਇੱਕ ਐਮ. ਐਲ. ਏ. ਦੀ ਵੋਟ ਦੀ ਕੀਮਤ} = \frac{\text{ਕਿਸੇ ਰਾਜ ਦੀ ਕੁੱਲ ਜਨੰਸਖਿਆ}}{\text{ਰਾਜ ਦੀ ਵਿਧਾਨ ਸਭਾ ਦੇ ਕੁੱਲ ਚੁਣੇ ਹੋਏ ਮੈਂਬਰਾਂ ਦੀ ਗਿਣਤੀ}} \times \frac{1}{1000}$$

II. ਭਾਰਤ ਦੇ ਕਿਹੜੇ-ਕਿਹੜੇ ਉਪ-ਰਾਸ਼ਟਰਪਤੀ, ਕਾਰਜ ਵਾਹਕ ਰਾਸ਼ਟਰਪਤੀ ਬਣੇ ਤੇ ਕਿਉਂ?

ਉਤਰ:- ਡਾਕਟਰ ਜਾਕਰ ਹੁਸੈਨ ਦੀ ਮੌਤ ਤੋਂ ਬਾਅਦ ਉਪ ਰਾਸ਼ਟਰਪਤੀ ਸ੍ਰੀ ਵੀ ਵੀ ਗਿਰੀ ਕਾਰਜਵਾਹਕ ਰਾਸ਼ਟਰਪਤੀ ਬਣੇ ਜਦੋਂ ਰਾਸ਼ਟਰਪਤੀ ਚੋਣ ਦਾ ਐਲਾਨ ਹੋਣ ਤੇ ਉਹਨਾਂ ਨੇ ਕਾਰਜਵਾਹਕ ਰਾਸ਼ਟਰਪਤੀ ਤੋਂ ਅਸਤੀਫਾ ਦਿੱਤਾ ਤਾਂ ਕਾਰਜਵਾਹਕ ਉਪ ਰਾਸ਼ਟਰਪਤੀ ਜਸਟਿਸ ਐਮ ਹਦਾਇਤੁਲਾ ਜੋ ਕਿ ਪਹਿਲਾਂ ਸੁਪਰੀਮ ਕੋਰਟ ਦੇ ਮੁੱਖ ਜੱਜ ਸਨ ਕਾਰਜਵਾਹਕ ਰਾਸ਼ਟਰਪਤੀ ਦੇ ਅਹੁਦੇ ਤੇ ਰਹੇ

III. ਭਾਰਤ ਵਿੱਚ ਸੰਕਟਕਾਲ ਦੇ ਐਲਾਨ ਸਮੇਂ ਰਾਸ਼ਟਰਪਤੀ ਤੇ ਉਪ-ਰਾਸ਼ਟਰਪਤੀ ਕੌਣ-ਕੌਣ ਸਨ?

ਉਤਰ:- 1962 ਵੇਲੇ ਡਾਕਟਰ ਜਾਕਿਰ ਹੁਸੈਨ

1971 ਵੇਲੇ ਸ੍ਰੀ ਵੀ ਗਿਰੀ

1975 ਵੇਲੇ ਸ੍ਰੀ ਫਖਰੂਦੀਨ ਅਲੀ ਅਹਿਮਦ

IV. ਭਾਰਤੀ ਸੁਪਰੀਮ ਕੋਰਟ ਦੇ ਕਿਹੜੇ-ਕਿਹੜੇ ਮੁੱਖ ਜੱਜ, ਕਦੋਂ-ਕਦੋਂ ਉੱਚ ਸੰਘੀ ਕਾਰਜਪਾਲਿਕਾਈ ਅਹੁਦਿਆਂ 'ਤੇ ਬਿਰਾਜਮਾਨ ਹੋਏ?

ਉਤਰ:- ਜਸਟਿਸ ਐਮ ਹਦਾਇਤੁਲਾ 1969

14. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 60 ਤੋਂ 75 ਸ਼ਬਦਾਂ ਵਿੱਚ ਦਿਓ-

1. "ਪ੍ਰਧਾਨ ਮੰਤਰੀ ਅਤੇ ਮੰਤਰੀ ਪ੍ਰੀਸ਼ਦ ਅਸਲੀ ਕਾਰਜਪਾਲਿਕਾ ਹੁੰਦੀ ਹੈ।" ਚਰਚਾ ਕਰੋ।

ਉਤਰ:- ਪ੍ਰਧਾਨ ਮੰਤਰੀ ਅਤੇ ਮੰਤਰੀ ਪਰਿਸ਼ਦ ਅਸਲੀ ਕਾਰਜਪਾਲਿਕਾ ਹੁੰਦੀ ਹੈ ਕਿਉਂਕਿ ਪ੍ਰਧਾਨ ਮੰਤਰੀ ਸੰਸਦ ਦਾ ਨੇਤਾ ਹੁੰਦਾ ਹੈ ਅਤੇ ਸੰਸਦ ਦੀ ਅਗਵਾਈ ਕਰਦਾ ਹੈ ਸੰਸਦ ਦਾ ਪ੍ਰੋਗਰਾਮ ਪ੍ਰਧਾਨ ਮੰਤਰੀ ਦੀ ਅਨੁਸਾਰ ਤਿਆਰ ਕੀਤਾ ਜਾਂਦਾ ਹੈ ਸੰਸਦ ਵਿੱਚ ਸਾਰੀਆਂ ਮਹੱਤਵ ਘੋਸ਼ਨਾਵਾਂ ਪ੍ਰਧਾਨ ਮੰਤਰੀ ਦੁਆਰਾ ਕੀਤੀਆਂ ਜਾਂਦੀਆਂ ਹਨ ਅਤੇ ਸੰਸਦ ਜੋ ਮੰਤਰੀ ਪਿਛਲੇ ਦੁਆਰਾ ਪੇਸ਼ ਕੀਤਾ ਜਾਣ ਵਾਲਾ ਬਿੱਲ ਹਰ ਬਿੱਲ ਪ੍ਰਧਾਨ ਮੰਤਰੀ ਦੀ ਅਗੇਤਰੀ ਪ੍ਰਵਾਨਗੀ ਨਾਲ ਹੀ ਪੇਸ਼ ਕੀਤਾ ਜਾਂਦਾ ਹੈ। ਜਦੋਂ ਵੀ ਕੋਈ ਸੰਸਦ ਵਿੱਚ ਕੋਈ ਸਮੱਸਿਆ ਖੜੀ ਹੁੰਦੀ ਹੈ ਤਾਂ ਸਾਰੇ ਮੈਂਬਰ ਪ੍ਰਧਾਨ ਮੰਤਰੀ ਦੀ ਅਗਵਾਈ ਵੱਲ ਵੇਖਦੇ ਹਨ ਹਰ ਮੈਂਬਰ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੇ ਨਿਰਦੇਸ਼ ਨੂੰ ਮੰਨਣ ਲਈ ਪ੍ਰਬੰਧ ਹੁੰਦਾ ਹੈ ਅਸਲੀਅਤ ਇਹ ਹੈ ਪ੍ਰਧਾਨ ਮੰਤਰੀ ਦੀ ਇੱਛਾ ਦੇ ਵਿਰੁੱਧ ਸੰਸਦ ਵਿੱਚ ਕੋਈ ਵੀ ਬਿੱਲ ਪਾਸ ਨਹੀਂ ਹੋ ਸਕਦਾ ਪ੍ਰਧਾਨ ਮੰਤਰੀ ਦੀ ਇੱਛਾ ਅਤੇ ਮੰਤਰੀ ਮੰਡਲ ਦੇ ਨਾਲ ਹੀ ਸੰਸਦ ਦਾ ਇਜਲਾਸ ਬੁਲਾਇਆ ਜਾਂਦਾ ਹੈ

# ਪਾਠ - 14. ਭਾਰਤੀ ਸੰਘ ਦੀ ਪ੍ਰਕਿਰਤੀ ਤੇ ਕੇਂਦਰ-ਸੂਬਾਈ ਸਬੰਧ

ਅਭਿਆਸ (Exercise)

੧. ਇਨ੍ਹਾਂ ਵਿਕਲਪੀ ਪ੍ਰਸ਼ਨ ਦੇ ਸਹੀ ਉੱਤਰ ਚੁਣੋ-

(ੳ) ਭਾਰਤ ਦਾ ਸੰਘਾਤਮਕ ਢਾਂਚਾ ਕਿਸ ਦੇਸ਼ ਦੀ ਨਕਲ ਹੈ?

(i) ਆਸਟ੍ਰੇਲੀਆ

(ii) ਅਮਰੀਕਾ

(iii) ਇੰਗਲੈਂਡ

(iv) **ਕੈਨੇਡਾ**

(ਅ) ਭਾਰਤੀ ਸੰਵਿਧਾਨ ਵਿੱਚ ਸ਼ਕਤੀਆਂ ਦੀਆਂ ਕਿੰਨੀਆਂ ਸੂਚੀਆਂ ਦਰਜ ਹਨ?

(i) ਦੋ
(ii) **ਤਿੰਨ**
(iii) ਚਾਰ
(iv) ਪੰਜ

(ੲ) ਨਵੀਂ ਸਰਵ ਭਾਰਤੀ ਲੋਕ ਸੇਵਾ ਨੂੰ ਕਿਸ ਦੇ ਪ੍ਰਸਤਾਵ ਰਾਹੀਂ ਬਣਾਇਆ ਜਾ ਸਕਦਾ ਹੈ?

(i) **<u>ਰਾਜ ਸਭਾ ਦੇ ਪ੍ਰਸਤਾਵ ਰਾਹੀਂ</u>**

(iii) ਪ੍ਰਸਤਾਵ ਦੀ ਲੋੜ ਨਹੀਂ

(ii) ਲੋਕ ਸਭਾ 'ਚ ਪ੍ਰਸਤਾਵ ਰਾਹੀਂ

(iv) ਸੰਸਦ ਦੇ ਦੋਹਾਂ ਸਦਨਾਂ ਦੇ ਪ੍ਰਸਤਾਵ ਰਾਹੀਂ

(ਸ) ਹੇਠ ਲਿਖਿਆਂ ਵਿੱਚੋਂ ਸੰਘ ਸੂਬਾਈ ਸਬੰਧਾਂ ਬਾਰੇ ਕਿਹੜਾ ਕਥਨ ਸਹੀ ਨਹੀਂ ਹੈ?

(i) ਸੰਵਿਧਾਨ ਵਿੱਚ ਸੰਘ ਅਤੇ ਸੂਬਾਈ ਸਬੰਧਾਂ ਲਈ ਤਿੰਨ ਸੂਚੀਆ ਦਰਜ ਕੀਤੀਆਂ ਗਈਆਂ ਹਨ।

(ii) **<u>ਸੰਘ ਕੋਲ ਸੂਬਿਆਂ ਦੇ ਮੁਕਾਬਲੇ ਘੱਟ ਸ਼ਕਤੀਆਂ ਹਨ।</u>**

(iii) ਸੰਘੀ ਸਰਕਾਰ, ਵਿੱਤ ਕਮਿਸ਼ਨ ਰਾਹੀਂ ਸੂਬਿਆਂ ਵਿੱਚ ਆਮਦਨ ਦੇ ਸ੍ਰੋਤਾਂ ਦੀ ਵੰਡ ਕਰਦਾ ਹੈ।

(iv) ਅਨੁਛੇਦ 365 ਰਾਹੀਂ ਸੂਬਿਆਂ ਨੂੰ ਸੰਘ ਦੀਆਂ ਹਦਾਇਤਾਂ ਅਨੁਸਾਰ ਪ੍ਰਸ਼ਾਸਨ ਚਲਾਉਣਾ ਹੁੰਦਾ ਹੈ।

(ਹ) ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?

(i) **<u>ਆਮਦਨ ਕਰ ਵਿੱਚ ਸੋਧ ਕਰਨ ਦੀ ਸ਼ਕਤੀ ਕੇਵਲ ਸੰਘੀ ਸੰਸਦ ਕੋਲ ਹੈ</u>**

(ii) ਵਿੱਤ ਕਮਿਸ਼ਨ ਦੀ ਸਥਾਪਨਾ ਸਰਵ ਉੱਚ ਅਦਾਲਤ ਦੀ ਪ੍ਰਵਾਨਗੀ ਨਾਲ ਹੀ ਹੋ ਸਕਦੀ ਹੈ।

(iii) ਸੂਬਾ ਸਰਕਾਰ ਗੁਆਂਢੀ ਦੇਸ਼ਾਂ ਨਾਲ ਸਿੱਧੇ ਵਪਾਰਕ ਸਮਝੌਤੇ ਕਰ ਸਕਦੀ ਹੈ।

( iv) ਸੰਵਿਧਾਨਕ ਵਿਵਸਥਾਵਾਂ ਅਨੁਸਾਰ ਸੂਬਾ ਸਰਕਾਰ ਸੰਘ ਸਰਕਾਰ ਦੇ ਅਧੀਨ ਹੈ।

(ਕ) ਸੰਘ-ਸੂਬਿਆਂ ਵਿਚਲੇ ਸ਼ਕਤੀਆਂ ਦੀ ਵੰਡ ਸਬੰਧੀ ਝਗੜਿਆਂ ਨੂੰ ਕੌਣ ਹੱਲ ਕਰਦਾ ਹੈ?

(i) **<u>ਸੰਘੀ ਸੰਸਦ</u>**

(iii) ਉੱਚ ਅਦਾਲਤ

(ii) ਸਰਵ ਉੱਚ ਅਦਾਲਤ

(iv) ਭਾਰਤੀ ਚੋਣ ਕਮਿਸ਼ਨ

(ਖ) ਸੰਵਿਧਾਨ ਦੇ ਭਾਗ XI ਵਿੱਚ ਸੰਘ-ਸੂਬਿਆਂ ਵਿਚਾਲੇ ਕਿਸ ਪ੍ਰਕਾਰਾਂ ਦੇ ਸਬੰਧ ਹੁੰਦੇ ਹਨ?

(i) ਵਿਧਾਨਕ, ਨਿਆਂਇਕ, ਪ੍ਰਸ਼ਾਸਨਿਕ

(ii) ਕਾਰਜਕਾਰੀ, ਵਿਤੀ, ਵਿਧਾਨਕ

(iii) **ਨਿਆਂਇਕ ਪ੍ਰਸ਼ਾਸਨਿਕ, ਕਾਰਜਕਾਰੀ**

(iv) ਵਿਧਾਨਕ, ਪ੍ਰਸ਼ਾਸਨਿਕ, ਵਿਤੀ

੨. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ-

(ੳ) ਭਾਰਤੀ ਸੰਵਿਧਾਨ ਅਨੁਸਾਰ ਸੰਘ-ਸੂਬਾਈ ਸਬੰਧਾਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਗਿਆ ਹੈ?
ਉੱਤਰ:- ਤਿੰਨ ਭਾਗਾਂ ਵਿੱਚ
(ਅ) ਸੰਵਿਧਾਨ ਅਨੁਸਾਰ ਭਾਰਤ ਵਿੱਚ ਸੰਘ-ਸੂਬਾਈ ਸ਼ਕਤੀਆਂ ਦੀ ਵੰਡ ਲਈ ਕਿਹੜੀਆਂ ਸੂਚੀਆਂ ਹਨ?
ਉੱਤਰ:- ਸੰਘੀ ਸੂਚੀ, ਰਾਜ ਸੂਚੀ ਅਤੇ ਸਮਵਰਤੀ ਸੂਚੀ

(ੲ) ਨੀਤੀ ਆਯੋਗ (ਕਮਿਸ਼ਨ) ਦਾ ਪੂਰਾ ਨਾਮ ਲਿਖੋ।
ਉੱਤਰ:- National institute for transforming India

(ਸ) ਜੀ.ਐਸ.ਟੀ. ਆਇਦ (ਲਾਗੂ) ਕਰਨ ਸਬੰਧੀ ਕਿਹੜੀ ਸੋਧ ਹੋਈ ਸੀ?
ਉੱਤਰ:- 101ਵੀਂ ਸੰਵਿਧਾਨਿਕ ਸੋਧ 2016 ਵਿੱਚ

(ਹ) ਭਾਰਤ ਦਾ ਸੰਘਾਤਮਕ ਢਾਂਚਾ **ਕਨੇਡਾ** ਦੇਸ਼ ਦੇ ਸੰਘਾਤਮਕ ਢਾਂਚੇ ਵਰਗਾ ਹੈ।

(ਕ) ਅੰਤਰ-ਰਾਜੀ ਕੌਂਸਲ ਦਾ ਗਠਨ ਭਾਰਤੀ ਸੰਵਿਧਾਨ ਦੇ ਅਨੁਛੇਦ ... **263** ਅਧੀਨ ਕੀਤਾ ਜਾਂਦਾ ਹੈ

(ਖ) ਭਾਰਤ ਦੇ ਸੂਬਿਆਂ (ਪ੍ਰਾਂਤਾਂ) ਵਿੱਚ ਰੇਲ ਤੇ ਜਨ ਮਾਰਗਾਂ ਦੀ ਦੇਖ-ਰੇਖ ਦੀ ਜ਼ਿੰਮੇਵਾਰੀ **ਰਾਜ** ਸਰਕਾਰ ਹੁੰਦੀ ਹੈ।

(ਗ) 'ਕੌਮਾਂਤਰੀ ਸੰਧੀਆਂ ਤੇ ਸਮਝੌਤਿਆਂ ਨੂੰ ਲਾਗੂ ਕਰਨ ਲਈ ਸੰਸਦ, ਸੂਬਾਈ (ਰਾਜ) ਸੂਚੀ ਵਿੱਚ ਸ਼ਾਮਲ ਵਿਸ਼ਿਆਂ 'ਤੇ ਕਨੂੰਨ ਬਣਾ ਸਕਦੀ ਹੈ। ' ਕਥਨ ਸਹੀ ਹੈ ਜਾਂ ਗਲਤ? **ਸਹੀ ਹੈ**

(ਘ) 'ਸੂਬਾ (ਰਾਜ ਜਾਂ ਪ੍ਰਾਂਤਕ) ਸਰਕਾਰ, ਸੰਘ ਸਰਕਾਰ ਦੀ ਇਜਾਜ਼ਤ ਤੋਂ ਬਿਨਾਂ ਵੀ ਸਿੱਧਾ ਹੀ ਵਿਦੇਸ਼ੀ ਵਿਤੀ ਸਹਾਇਤਾ ਲੈ ਸਕਦੀ ਹੈ' ਕਥਨ ਸਹੀ ਹੈ ਜਾਂ ਗਲਤ? **ਗਲਤ**

(ਪ) 'ਭਾਰਤ ਦੀ ਸੰਘੀ ਸਰਕਾਰ ਭਾਰਤੀ ਨਾਗਰਿਕਾਂ ਦੀ ਵਿਦੇਸ਼ੀ ਜਾਇਦਾਦ ਸਬੰਧੀ ਕਨੂੰਨ ਬਣਾ ਸਕਦੀ ਹੈ' ਕਥਨ ਸਹੀ ਹੈ ਜਾਂ ਗਲਤ? **ਸਹੀ ਹੈ**

ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 60 ਤੋਂ 75 ਸ਼ਬਦਾਂ ਵਿੱਚ ਦਿਓ-

1. ਸੰਘੀ ਸੂਚੀ 'ਤੇ ਨੋਟ ਲਿਖੋ।

ਉੱਤਰ:- ਸੰਘੀ ਸੂਚੀ ਤੋਂ ਭਾਵ ਉਹ ਵਿਸ਼ੇ ਜਿਨਾਂ ਉੱਤੇ ਕੇਵਲ ਕੇਂਦਰੀ ਸੰਸਦ ਹੀ ਕਾਨੂੰਨ ਬਣਾਉਣ ਦਾ ਅਧਿਕਾਰ ਰੱਖਦੀ ਹੈ ਸੰਵਿਧਾਨ ਦੇ ਨਿਰਮਾਣ ਸਮੇਂ ਸੰਘੀ ਸੂਚੀ ਵਿੱਚ 97 ਵਿਸ਼ੇ ਸਨ ਵਰਤਮਾਨ ਸੰਘੀ ਸੂਚੀ ਵਿੱਚ 98 ਵਿਸ਼ੇ ਸ਼ਾਮਲ ਹਨ ਸੰਘੀ ਸੂਚੀ ਵਿੱਚ ਰੱਖਿਆ, ਬੈਂਕਿੰਗ, ਵਿਦੇਸ਼ੀ ਮਾਮਲੇ, ਕਰੰਸੀ ,ਊਰਜਾ, ਬੀਮਾ ਅੰਤਰਰਾਜੀ ਵਪਾਰ ਅਤੇ ਅੰਤਰਰਾਸ਼ਟਰੀ ਮਹੱਤਤਾ ਵਾਲੇ ਵਿਸ਼ੇ ਸ਼ਾਮਿਲ ਕੀਤੇ ਜਾਂਦੇ ਹਨ

2. ਸਮਵਰਤੀ ਸੂਚੀ ਕੀ ਹੈ?

ਉੱਤਰ:- ਸਮਵਰਤੀ ਸੂਚੀ ਉਹ ਸੂਚੀ ਹੈ ਜਿਹੜੀ ਸੰਘ ਅਤੇ ਸੂਬਿਆਂ ਦੀ ਸਾਂਝੀ ਸੂਚੀ ਹੈ ਜਿਸ ਵਿੱਚ ਸ਼ਾਮਿਲ ਵਿਸ਼ਿਆਂ ਉੱਤੇ ਸੰਸਦ ਅਤੇ ਰਾਜ ਜਾਂ ਸੂਬਾਈ ਸਰਕਾਰਾਂ ਦੋਨੋਂ ਕਾਨੂੰਨ ਬਣਾ ਸਕਦੀਆਂ ਹਨ ਜੇਕਰ ਰਾਜ ਜਾਂ ਸੂਬਾਈ ਵਿਧਾਨ ਪਾਲਿਕਾ ਦੁਆਰਾ ਬਣਾਇਆ ਕਾਨੂੰਨ ਸੰਸਦ ਦੁਆਰਾ ਬਣਾਏ ਕਾਨੂੰਨ ਨਾਲ ਮੇਲ ਨਹੀਂ ਖਾਂਦਾ ਤਾਂ ਸੰਸਦ ਦੁਆਰਾ ਦੁਆਰਾ ਬਣਾਇਆ ਕਾਨੂੰਨ ਲਾਗੂ ਸਮਝਿਆ ਜਾਵੇਗਾ ਸਮਵਰਤੀ ਸੂਚੀ ਵਸਤੂਆਂ ਅਤੇ ਸੇਵਾਵਾਂ ਕਰ, ਦੀਵਾਨੀ ਅਤੇ ਫੌਜਦਾਰੀ ਕਾਨੂੰਨ ਅਤੇ ਪ੍ਰਕਿਰਿਆਵਾਂ, ਵਿਆਹ ,ਤਲਾਕ ,ਜਨਸੰਖਿਆ, ਯੋਜਨਾ ਤੇ ਨਿਯੰਤਰਨ, ਬਿਜਲੀ, ਮਜ਼ਦੂਰ ਭਲਾਈ ਕਾਨੂੰਨ ਕਿਤਾਬਾਂ, ਅਖਬਾਰ, ਛਾਪੇਖਾਨੇ ਆਦਿ ਵਿਸ਼ੇਸ ਹਨ ਵਰਤਮਾਨ ਇਸ ਵਿੱਚ 52 ਵਿਸ਼ੇ ਸ਼ਾਮਿਲ ਹਨ ਜਦੋਂ ਕਿ ਸੰਵਿਧਾਨ ਲਾਗੂ ਹੋਣ ਸਮੇਂ 47 ਵਿਸ਼ੇ ਸਨ 42ਵੀਂ ਸੋਧ ਰਾਹੀਂ ਪੰਜ ਵਿਸ਼ੇ ਰਾਜ ਸੂਚੀ ਵਿੱਚ ਬਾਹਰ ਕੱਢ ਕੇ ਸਮਵਰਤੀ ਸੂਚੀ ਵਿੱਚ ਸ਼ਾਮਿਲ ਕੀਤੇ ਗਏ ਸਨ ਜਿਵੇਂ ਸਿੱਖਿਆ, ਜੰਗਲ, ਭਾਰ ਤੇ ਮਾਪ, ਸਥਾਨਕ ਨਿਆਇਕ ਪ੍ਰਸ਼ਾਸਨ ਅਤੇ ਜੰਗਲੀ ਜੀਵ ਸੁਰੱਖਿਆ

3. ਵਿੱਤ ਕਮਿਸ਼ਨ ਦੀ ਬਣਤਰ ਤੋਂ ਜਾਣੂ ਕਰਵਾਓ।

ਉੱਤਰ:- ਵਿੱਤ ਕਮਿਸ਼ਨ ਸੰਵਿਧਾਨ ਦੇ ਅਨਛੇਦ 280 ਦੇ ਅਧੀਨ ਵਿੱਤ ਅਯੋਗ ਦੀ ਵਿਵਸਥਾ ਕੀਤੀ ਗਈ ਹੈ ਜਿਹੜੇ ਕਿ ਅਰਧ ਨਿਆਂਇਕ ਸੰਸਥਾ ਹੈ ਰਾਸ਼ਟਰਪਤੀ ਦੁਆਰਾ ਹਰ ਪੰਜ ਸਾਲ ਬਾਅਦ ਅਯੋਗ ਦੀ ਸਥਾਪਨਾ ਕੀਤੀ ਜਾਂਦੀ ਹੈ ਅਤੇ

ਇਸਦੇ ਚੇਅਰਮੈਨ ਅਤੇ ਮੈਂਬਰ ਨਿਯੁਕਤੀ ਵੀ ਰਾਸ਼ਟਰਪਤੀ ਦੁਆਰਾ ਕੇਂਦਰੀ ਸਰਕਾਰ ਜਾਂ ਸੰਘੀ ਸਰਕਾਰ ਦੀ ਸਲਾਹ ਨਾਲ ਕੀਤੀ ਜਾਂਦੀ ਹੈ ਵਿੱਤ ਅਯੋਗ ਦਾ ਮੁੱਖ ਉਦੇਸ਼ ਕੇਂਦਰ ਅਤੇ ਸੂਬਿਆਂ ਭਾਵ ਸੰਘ ਅਤੇ ਸੂਬਿਆਂ ਵਿਚਾਲੇ ਆਮਦਨ ਦੇ ਸਰੋਤਾਂ ਦੀ ਵੰਡ ਦੀ ਸਿਫਾਰਿਸ਼ ਕਰਨਾ ਹੁੰਦਾ ਹੈ

4. ਸਰਵ-ਭਾਰਤੀ ਸੇਵਾਵਾਂ 'ਤੇ ਨੋਟ ਲਿਖੋ।

ਉੱਤਰ:- ਸਰਬ ਭਾਰਤੀ ਸੇਵਾਵਾਂ ਦੇਸ਼ ਦੇ ਪ੍ਰਸ਼ਾਸਨ ਦੀ ਰੀੜ ਦੀ ਹੱਡੀ ਮੰਨੀਆਂ ਜਾਂਦੀਆਂ ਹਨ। ਭਾਰਤ ਦੇ ਸੰਵਿਧਾਨ ਦੇ ਅਨੁਛੇਦ 312 ਅਨੁਸਾਰ ਕੇਂਦਰੀ ਜਾਂ ਸੰਘੀ ਸੰਸਦ ਰਾਜਸਭਾ ਦੁਆਰਾ ਪ੍ਰਸਤਾਵਿਤ ਪ੍ਰਸਤਾਵ ਅਨੁਸਾਰ ਨਵੀਆਂ ਸਰਬ ਭਾਰਤੀ ਲੋਕ ਸੇਵਾਵਾਂ ਦੀ ਵਿਵਸਥਾ ਕਰ ਸਕਦੀ ਹੈ। ਇਸ ਸਮੇਂ ਭਾਰਤ ਵਿੱਚ ਤਿੰਨ ਮੁੱਖ ਅਤੇ 30 ਤੋਂ ਵੱਧ ਮਿਸ਼ਰਤ ਸਰਬ ਭਾਰਤੀ ਲੋਕ ਸਭਾਵਾਂ ਦੀ ਵਿਵਸਥਾ ਕੀਤੀ ਗਈ ਹੈ ਭਾਰਤੀ ਪ੍ਰਸ਼ਾਸਨਿਕ ਸੇਵਾਵਾਂ (IAS) ਭਾਰਤੀ ਪੁਲਿਸ ਸੇਵਾਵਾਂ (IPS) ਅਤੇ ਭਾਰਤੀ ਵਿਦੇਸ਼ ਸੇਵਾਵਾਂ (IFS) ਇਹਨਾਂ ਵਿੱਚੋਂ ਪ੍ਰਮੁੱਖ ਹਨ ਇਹਨਾਂ ਲੋਕ ਸੇਵਾਵਾਂ ਦੇ ਅਫਸਰ ਸੰਘ ਅਤੇ ਸੂਬਿਆਂ ਦੇ ਪ੍ਰਸ਼ਾਸ਼ਨ ਪੱਧਰ ਤੇ ਕੁਝ ਅਹੁਦਿਆਂ ਤੇ ਨਿਯੁਕਤ ਹੁੰਦੇ ਹਨ ਅਤੇ ਇਹਨਾਂ ਨੂੰ ਭਰਤੀ ਅਤੇ ਸਿਖਲਾਈ ਕੇਂਦਰੀ ਸਰਕਾਰ ਦੁਆਰਾ ਦਿੱਤੀ ਜਾਂਦੀ ਹੈ ਅਤੇ ਸੰਘ ਹੀ ਇਹਨਾਂ ਸੇਵਾਵਾਂ ਦੇ ਉੱਪਰ ਅਹਿਮ ਕੰਟਰੋਲ ਕਰਦਾ ਹੈ ਇਸ ਤੋਂ ਇਲਾਵਾ ਰਾਜ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਅਤੇ ਮੈਂਬਰਾਂ  ਜੋ ਰਾਜ ਦੇ ਰਾਜਪਾਲਾਂ ਦੁਆਰਾ ਨਿਯੁਕਤੀ ਕੀਤੀ ਜਾਂਦੀ ਹੈ। ਪਰ ਇਹਨਾਂ ਨੂੰ ਪਦਵੀ ਤੋਂ ਕੇਵਲ ਰਾਸ਼ਟਰਪਤੀ ਦੁਆਰਾ ਹੀ ਹਟਾਇਆ ਜਾ ਸਕਦਾ ਹੈ। ਦੋ ਜਾਂ ਦੋ ਤੋਂ ਵੱਧ ਰਾਜਾਂ ਲਈ ਸਾਂਝੇ ਲੋਕ ਸੇਵਾ ਕਮਿਸ਼ਨ ਦੀ ਸਥਾਪਨਾ ਉਹਨਾਂ ਦੀ ਪ੍ਰਤੀ ਬੇਨਤੀ ਪ੍ਰਸਤਾਵ ਤੇ ਸੰਸਦ ਦੁਆਰਾ ਕੀਤੀ ਜਾਂਦੀ ਹੈ।

5. ਸੂਬਿਆਂ ਦੀ ਆਮਦਨ ਦੇ ਸਾਧਨਾਂ ਤੋਂ ਜਾਣੂ ਦਰਸਾਓ।

ਉੱਤਰ:- ਸੰਵਿਧਾਨ ਦੀ 101 ਸੋਧ 2016 ਰਾਹੀਂ ਕੇਂਦਰ ਵਸਤੂਆਂ ਅਤੇ ਸੇਵਾਵਾਂ ਕਰ (CGST) ਅਤੇ ਸੂਬਾਈ ਵਸਤੂਆਂ ਅਤੇ ਸੇਵਾਵਾਂ ਕਰ (SGST) ਲਗਾਉਣ ਦੀ ਵਿਵਸਥਾ ਕੀਤੀ ਗਈ ਹੈ

1. ਅਨੁਛੇਦ 268 ਅਨੁਸਾਰ ਕੁਝ ਕਰ ਕੇਂਦਰ ਜਾਂ ਸੰਘ ਦੁਆਰਾ ਲਗਾਇਆ ਜਾਂਦੇ ਹਨ ਪਰ ਉਹਨਾਂ ਨੂੰ ਇਕੱਠਾ ਅਤੇ ਪ੍ਰਯੋਗ ਕਰਨ ਦਾ ਅਧਿਕਾਰ ਰਾਜਾ ਨੂੰ ਦਿੱਤਾ ਗਿਆ ਜਿਵੇਂ ਵਟਾਂਦਰਾ ਬਿੱਲਾਂ, ਚੈੱਕ ਬੀਮਿਆਂ ਦੀਆਂ ਨੀਤੀਆਂ ਹਿੱਸੇਦਾਰ ਦਾ ਤਬਾਦਲਾ ਆਦਿ ਉਤੇ ਸਟੈਂਪ ਡਿਊਟੀ ਤੋਂ ਇਕੱਠਾ ਕਰ
੨. ਅਨੁਛੇਦ 269 ਅਨੁਸਾਰ ਸੰਘ ਜਾਂ ਕੇਂਦਰ ਸਰਕਾਰ ਦੁਆਰਾ ਕੁਝ ਕਰ ਲਗਾਏ ਜਾਂਦੇ ਅਤੇ ਇਕੱਠੇ ਕੀਤੇ ਜਾਂਦੇ ਹਨ ਅਤੇ ਉਹਨਾਂ ਕਰਾਂ ਤੋਂ ਪ੍ਰਾਪਤ ਆਮਦਨ ਸੂਬਿਆਂ ਜਾਂ ਰਾਜਾਂ ਨੂੰ ਦੇ ਦਿੱਤੀ ਜਾਂਦੀ ਹੈ ਉਦਾਹਰਨ ਅੰਤਰਰਾਜੀ ਵਪਾਰ ਵਿੱਚ ਵਸਤਾਂ ਦੀ ਖਰੀਦ ਉੱਤੇ ਲਗਾਏ ਗਏ ਕਰ
੩. ਅਨੁਛੇਦ 270 ਅਨੁਸਾਰ ਕੁਝ ਕਰ ਅਜਿਹੇ ਹਨ ਜਿਨਾਂ ਨੂੰ ਕੇਂਦਰ ਸਰਕਾਰ ਦੁਆਰਾ ਲਗਾਇਆ ਅਤੇ ਇਕੱਠਾ ਕੀਤਾ ਜਾਂਦਾ ਹੈ ਪਰ ਅਜਿਹੇ ਕਰਾਂ ਤੋਂ ਪ੍ਰਾਪਤ ਆਮਦਨ ਨੂੰ ਕੇਂਦਰ ਅਤੇ ਰਾਜਾਂ ਵਿਚਾਲੇ ਵੰਡ ਲਿਆ ਜਾਂਦਾ ਹੈ। ਇਸ ਕਿਸਮਾਂ ਦੀਆਂ ਡਿਊਟੀਆਂ ਅਨੁਛੇਦ 271 ਰਾਹੀਂ ਇਕੱਠੇ ਕੀਤੇ ਕਰਾਂ ਤੇ ਸਰਚਾਰਜ ਤੋਂ ਆਮਦਨ ਹੁੰਦੀ ਹੈ  ਰਾਜਾਂ ਜਾਂ ਸੂਬਿਆਂ ਨੂੰ ਕੁਝ ਆਮਦਨ ਭੂਮੀਕਾਰ ਖੇਤੀਬਾੜੀ ਆਮਦਨ ਕਰ ਅਤੇ ਖਣਿਜ ਆਦਿ ਤੋਂ ਹੁੰਦੀ ਹੈ।
੪. ਗੈਰ ਮਾਲੀਆ ਤੋਂ ਵੀ ਕਈ ਤਰ੍ਹਾਂ ਦੀਆਂ ਆਮਦਨ ਰਾਜ ਸਰਕਾਰਾਂ ਨੂੰ ਹੁੰਦੀ ਹੈ ਜਿਵੇਂ ਸਿੰਚਾਈ ਜੰਗਲਾਤ ਮੱਛੀ ਪਾਲਣ  ਜਾਂ ਰਾਜ ਖੁਦ ਵੀ ਜਨਤਕ ਅਦਾਰਿਆਂ ਉਹ ਕੁਝ ਆਮਦਨ ਪ੍ਰਾਪਤ ਕਰਦਾ ਹੈ ਬਹੁਤ ਸਾਰੀ ਆਮਦਨ

ਗੈਰ ਕਰ ਤੋਂ ਜਿਵੇਂ ਡਾਕ ਤੇ ਡਾਕ ਤਾਰ, ਰੇਲਵੇ ,ਬੈਂਕਿੰਗ, ਸਿੱਕੇ ਅਤੇ ਕਰੰਸੀ ਸੰਘੀ ਜਨਤਕ ਉਦਮੀਆਂ ਤੋਂ ਪ੍ਰਾਪਤ ਹੁੰਦੀ ਹੈ ਕੁਝ ਆਮਦਨ ਕੇਂਦਰ ਜਾਂ ਸੰਘੀ ਸਰਕਾਰ ਗਰਾਂਟਾਂ ਦੇ ਰੂਪ ਵਿੱਚ ਵੀ ਰਾਜਾਂ ਨੂੰ ਗਰਾਂਟ ਜਾਰੀ ਕਰਦੀ ਹੈ ਅਨੁਛੇਦ 295 ਅਨੁਸਾਰ ਸੰਸਦ ਸੂਬਿਆਂ ਦੀਆਂ ਵਿੱਤੀ ਜਰੂਰਤਾਂ ਅਤੇ ਹਾਲਾਤ ਨੂੰ ਮੁੱਖ ਰੱਖਦੇ ਹੋਏ ਸਟੈਚਰੀ ਗਰਾਂਟਾਂ ਦੇ ਰੂਪ ਵਿੱਚ ਜਾਰੀ ਕਰਦੀ ਹੈ ਸੰਘ ਜਾਂ ਕੇਂਦਰ ਦੀ ਇੱਛਾ ਤੇ ਨਿਰਭਰ ਅਖਤਿਆਰੀ ਗਰਾਂਟਾਂ ਅਨੁਛੇਦ 282 ਅਨੁਸਾਰ ਸੰਘ ਆਪਣੀ ਮਰਜ਼ੀ ਨਾਲ ਸੂਬਿਆਂ ਨੂੰ ਲੋਕ ਭਲਾਈ ਉਦੇਸ਼ਾਂ ਲਈ ਗਰਾਂਟਾਂ ਜਾਰੀ ਕਰ ਸਕਦਾ

6. ਭਾਰਤੀ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਬਾਰੇ ਜਾਣਕਾਰੀ ਦਿਓ।

ਉੱਤਰ:- ਭਾਰਤ ਵਿੱਚ ਸੰਘਾਤਮਕ ਪ੍ਰਣਾਲੀ ਹੋਣ ਕਰਕੇ ਦੋਹਰਾ ਰਾਜ ਪ੍ਰਬੰਧ ਹੁੰਦਾ ਹੈ ਹੈ ਸੰਘ ਅਤੇ ਰਾਜਾਂ ਦੇ ਆਪਸੀ ਸਬੰਧਾਂ ਨੂੰ ਨਿਰਧਾਰਿਤ ਕਰਨ ਦਾ ਕੋਈ ਨਿਸ਼ਚਿਤ ਫਾਰਮੂਲਾ ਨਹੀਂ ਹੈ ਫਿਰ ਵੀ ਭਾਰਤ ਦੇ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਅਨੁਸਾਰ ਕਾਨੂੰਨ ਬਣਾਉਣ ਦੇ ਉਦੇਸ਼ ਨੂੰ ਮੁੱਖ ਰੱਖ ਕੇ ਵਿਸ਼ਿਆਂ ਨੂੰ ਤਿੰਨ ਸੂਚੀਆਂ ਵਿੱਚ ਵੰਡਿਆ ਗਿਆ ਹੈ

1.ਸੰਘੀ ਸੂਚੀ ਵਿੱਚ ਵਰਤਮਾਨ ਸਮੇਂ ਵਿੱਚ 98 ਵਿਸ਼ੇ ਹਨ ਜਿਨਾਂ ਤੇ ਕੇਵਲ ਸੰਘੀ ਸੰਸਦ ਹੀ ਕਾਨੂੰਨ ਬਣਾਉਣ ਦਾ ਅਧਿਕਾਰ ਹੈ ਸੰਵਿਧਾਨ ਦੇ ਲਾਗੂ ਹੋਣ ਸਮੇਂ 97 ਵਿਸ਼ੇ ਸਨ ਸੰਘੀ ਸੂਚੀ ਵਿੱਚ ਰੱਖਿਆ ਬੈਂਕਿੰਗ, ਵਿਦੇਸ਼ੀ ਮਾਮਲੇ, ਕਰੰਸੀ, ਊਰਜਾ, ਬੀਮਾ, ਅੰਤਰਰਾਜੀ ਵਪਾਰ, ਅੰਤਰਰਾਸ਼ਟਰੀ ਮਹੱਤਤਾ ਵਾਲੇ ਵਿਸ਼ੇ ਆਉਂਦੇ ਹਨ

2.ਰਾਜ ਸੂਚੀ ਵਿੱਚ ਵਰਤਮਾਨ ਸਮੇਂ ਵਿੱਚ 62 ਵਿਸ਼ੇ ਹਨ ਜਿਨਾਂ ਉੱਤੇ ਆਮ ਹਾਲਾਤਾਂ ਵਿੱਚ ਸਬਾਈ ਜਾਂ ਰਾਜ ਵਿਧਾਨਪਾਲਿਕਾ ਕਾਨੂੰਨ ਬਣਾ ਸਕਦੀ ਹੈ। ਇਸ ਵਿੱਚ ਜਨਤਕ ਪ੍ਰਬੰਧ ਪੁਲਿਸ ਪ੍ਰਸ਼ਾਸਨ ਸਿਹਤ ਦੀ ਸਫਾਈ ਖੇਤੀਬਾੜੀ ਜੇਲਾਂ ਪਾਣੀ ਸਥਾਨਕ ਸਰਕਾਰਾਂ ਮੰਡੀਆਂ ਮੱਛੀ ਪਾਲਣ ਮਾਈਨਿੰਗ ਆਦਿ ਖੇਤਰੀ ਮਹੱਤਤਾ ਵਾਲੇ ਵਿਸ਼ੇ ਹਨ

3.ਤੀਸਰੀ ਸੂਚੀ ਸਮਵਰਤੀ ਸੂਚੀ ਜਿਸ ਵਿੱਚ ਸੰਘ ਕੇਂਦਰ ਅਤੇ ਸੂਬਿਆਂ ਰਾਜ ਦੀ ਸਾਂਝੀ ਸੂਚੀ ਹੈ ਜਿਸ ਵਿੱਚ ਸ਼ਾਮਿਲ ਵਿਸ਼ਿਆਂ ਉੱਤੇ ਕੇਂਦਰੀ ਸੰਸਦ ਅਤੇ ਰਾਜ ਵਿਧਾਨ ਪਾਲਿਕਾ ਦੋਵੇ ਕਾਨੂੰਨ ਬਣਾ ਸਕਦੀਆਂ ਹਨ ਜੇਕਰ ਰਾਜ ਵਿਧਾਨ ਪਾਲਿਕਾ ਦੁਆਰਾ ਬਣਾਇਆ ਕਾਨੂੰਨ ਸੰਸਦ ਦੁਆਰਾ ਬਣਾਏ ਗਏ ਕਾਨੂੰਨ ਨਾਲ ਮੇਲ ਨਹੀਂ ਖਾਂਦਾ ਤਾਂ ਸੰਸਦ ਦੁਆਰਾ ਬਣਾਇਆ ਕਾਨੂੰਨ ਹੀ ਲਾਗੂ ਸਮਝਿਆ ਜਾਵੇਗਾ ਇਸ ਸੂਚੀ ਵਿੱਚ ਵਸਤਾਂ ਅਤੇ ਸੇਵਾਵਾਂ ਕਰ ਦੀਵਾਨੀ ਅਤੇ ਫੌਜਦਾਰੀ ਕਾਨੂੰਨ ਪ੍ਰਕਿਰਿਆ ਵਿਆਹ ਤਲਾਕ ਜਨ ਸੰਖਿਆ ਬਿਜਲੀ ਮਜਦੂਰ ਭਲਾਈ ਕਿਤਾਬਾਂ ਅਖਬਾਰ ਛਾਪੇ ਖਾਨੇ ਆਦਿ ਵਿਸ਼ੇ ਸ਼ਾਮਲ ਹਨ। ਵਰਤਮਾਨ ਇਸ ਵਿੱਚ 52 ਵਿਸ਼ੇ ਹਨ ਜਿਹੜੇ ਸੰਵਿਧਾਨ ਲਾਗੂ ਹੋਣ ਸਮੇਂ 47 ਵਿਸ਼ੇ ਸਨ